SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 23* Issue 07 | Wednesday, January 10, 2024 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਫਲਸਤੀਨੀਆਂ ਲਈ ਆਰਜ਼ੀ ਵੀਜ਼ਾ ਪ੍ਰੋਗਰਾਮ ਵਾਸਤੇ ਰੱਖੀ ਸ਼ਰਤ ਪੱਥਰ ਉੱਤੇ ਲਕੀਰ ਨਹੀਂ : ਮਿਲਰ





ਓਟਵਾ, 9 ਜਨਵਰੀ (ਪੋਸਟ ਬਿਊਰੋ) : ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਦਾ ਕਹਿਣਾ ਹੈ ਕਿ ਗਾਜ਼ਾ ਤੋਂ ਬਚ ਨਿਕਲਣ ਲਈ ਕਾਹਲੇ ਫਲਸਤੀਨੀਆਂ ਵਾਸਤੇ ਆਰਜ਼ੀ ਰੈਜ਼ੀਡੈਂਟ ਵੀਜ਼ਾ ਜਾਰੀ ਕਰਨ ਲਈ ਜਿਹੜੀ 1000 ਵਿਅਕਤੀਆਂ ਦੀ ਸ਼ਰਤ ਰੱਖੀ ਗਈ ਸੀ ਉਹ ਕੋਈ ਪੱਥਰ ਉੱਤੇ ਲਕੀਰ ਨਹੀਂ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸਰਕਾਰ ਵੱਲੋਂ ਸਿਰਫ 1000 ਵਿਅਕਤੀਆਂ ਨੂੰ ਇਹ ਵੀਜ਼ੇ ਜਾਰੀ ਕਰਨ ਦੀ ਗੱਲ ਆਖੀ ਗਈ ਸੀ।

ਪਰ ਇੱਕ ਇੰਟਰਵਿਊ ਵਿੱਚ ਮਿਲਰ ਨੇ ਆਖਿਆ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਲਈ ਸਰਕਾਰ ਵੱਲੋਂ ਇੱਕ ਅੰਕੜਾ ਨਿਰਧਾਰਤ ਕੀਤਾ ਜਾਂਦਾ ਹੈ ਤਾਂ ਕਿ ਅਜਿਹੀਆਂ ਥਾਂਵਾਂ ਤੋਂ ਆਉਣ ਵਾਲੇ ਲੋਕਾਂ ਦੇ ਫਲੋਅ ਨੂੰ ਮੈਨੇਜ ਕੀਤਾ ਜਾ ਸਕੇ। ਪਰ ਜੇ ਲੱਗਦਾ ਹੋਇਆ ਕਿ ਇਸ ਨਾਲ ਨਹੀਂ ਸਰਨਾ ਤਾਂ ਸਰਕਾਰ ਇਸ ਬਾਰੇ ਹੋਰ ਵਿਚਾਰ ਕਰਨ ਲਈ ਸਾਰੇ ਬਦਲ ਖੁੱਲ੍ਹੇ ਰੱਖੇਗੀ।

ਸਰਕਾਰ ਵੱਲੋਂ ਇਹ ਯੂ-ਟਰਨ ਤਾਂ ਵੀ ਮਾਰਿਆ ਗਿਆ ਲੱਗਦਾ ਹੈ ਕਿਉਂਕਿ ਫਲਸਤੀਨੀ-ਕੈਨੇਡੀਅਨਜ਼ ਤੇ ਫਲਸਤੀਨੀਆਂ ਦੀ ਪੈਰਵੀ ਕਰਨ ਵਾਲਿਆਂ ਦਾ ਕਹਿਣਾ ਸੀ ਕਿ ਅਜਿਹੀ ਸ਼ਰਤ ਰੱਖ ਕੇ ਸਰਕਾਰ ਉਨ੍ਹਾਂ ਲੋਕਾਂ ਨਾਲ ਮਾੜਾ ਵਿਵਹਾਰ ਕਰ ਰਹੀ ਹੈ ਤੇ ਇਹ ਗੈਰਮਨੁੱਖੀ ਵੀ ਹੈ ਕਿਉਂਕਿ ਰੂਸ ਨਾਲ ਸੰਘਰਸ਼ ਕਰ ਰਹੇ ਯੂਕਰੇਨੀ ਲੋਕਾਂ ਲਈ ਅਜਿਹੀ ਕੋਈ ਸ਼ਰਤ ਨਹੀਂ ਰੱਖੀ ਗਈ।

## ਪੁਲਿਸ ਨੇ ਬਰਾਮਦ ਕੀਤੇ 135 ਹਜ਼ਾਰ ਡਾਲਰ ਦੇ ਗਹਿਣੇ, ਦੋ ਗ੍ਰਿਫਤਾਰ



ਓਨਟਾਰੀਓ, 9 ਜਨਵਰੀ (ਪੋਸਟ ਬਿਊਰੋ) : ਪਿਛਲੇ ਹਫਤੇ ਸਟਰੈਟਫੋਰਡ ਦੇ ਸਟੋਰ ਵਿੱਚੋਂ ਚੋਰੀ ਕੀਤੇ ਗਏ 135,000 ਡਾਲਰ ਦੇ ਗਹਿਣੇ ਪੁਲਿਸ ਵੱਲੋਂ ਬਰਾਮਦ ਕਰ ਲਏ ਗਏ ਹਨ। ਇਸ ਦੇ ਨਾਲ ਹੀ ਚਾਰ ਮਸ਼ਕੂਕਾਂ ਵਿੱਚੋਂ ਦੋ ਨੂੰ ਗ੍ਰਿਫਤਾਰ ਵੀ ਕਰ ਲਿਆ ਗਿਆ ਹੈ।

ਮੰਗਲਵਾਰ ਨੂੰ ਸਟਰੈਟਫੋਰਡ ਪੁਲਿਸ ਸਰਵਿਸ (ਐਸਪੀਐਸ) ਨੇ ਦੱਸਿਆ ਕਿ ਨਾਇਗਰਾ ਰੀਜਨ ਦੇ ਪੁਲਿਸ ਅਧਿਕਾਰੀਆਂ ਵੱਲੋਂ ਕਿਸੇ ਹੋਰ ਮਸਲੇ ਲਈ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਤੇ ਬਾਅਦ ਵਿੱਚ ਉਨ੍ਹਾਂ ਨੂੰ ਪਤਾ ਲੱਗਿਆ ਕਿ ਉਹ ਦੋਵੇਂ ਪੈਰਿਸ ਜਿਊਲਰਜ਼ ਦੇ ਸਟੋਰ ਉਤੇ 3 ਜਨਵਰੀ ਨੂੰ ਮਾਰੇ ਗਏ ਡਾਕੇ ਦੇ ਮਾਮਲੇ ਵਿੱਚ ਵਾਂਟਿਡ ਮਸ਼ਕੂਕ ਹਨ। ਨਾਇਗਰਾ ਰੀਜਨਲ ਪੁਲਿਸ ਸਰਵਿਸ ਨੇ ਦੱਸਿਆ ਕਿ ਉਨ੍ਹਾਂ ਦੇ ਅਧਿਕਾਰੀਆਂ ਨੂੰ ਦੋ ਸ਼ੱਕੀ ਵਿਅਕਤੀ ਸਟੈਨਲੇ ਐਵਨਿਊ ਤੇ ਫੈਰੀ ਸਟਰੀਟ ਇਲਾਕੇ ਵਿੱਚ 4 ਜਨਵਰੀ ਨੂੰ ਸ਼ੱਕੀ ਹਾਲਾਤ ਵਿੱਚ ਘੁੰਮਦੇ ਮਿਲੇ। ਉਹ ਅਜਿਹੀ ਗੱਡੀ ਵਿੱਚ ਬੈਠਣ ਦੀ ਕੋਸ਼ਿਸ਼ ਕਰ ਰਹੇ ਸਨ ਜਿਹੜੀ ਚੋਰੀ ਦੀ ਸੀ।

ਅਗਲੇਰੀ ਜਾਂਚ ਤੋਂ ਬਾਅਦ ਪੁਲਿਸ ਨੇ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ, ਜਿਨ੍ਹਾਂ ਕੋਲ ਚੋਰੀ ਦੇ ਗਹਿਣੇ ਵੀ ਸਨ ਤੇ 9 ਐਮਐਮ ਦੀ ਭਰੀ ਹੋਈ ਲੂਗਰ ਹੈਂਡਗੰਨ ਵੀ ਸੀ। ਉਨ੍ਹਾਂ ਦੀ ਪਛਾਣ 21 ਸਾਲਾਂ ਦੇ ਜੋਸ਼ ਡੀਲੇਨੀ ਤੇ ਡੌਨਾਵਿਨ ਸਟੀਵਾਰਟ ਵਜੋਂ ਕੀਤੀ ਗਈ ਹੈ ਤੇ ਦੋਵਾਂ ਦਾ ਕੋਈ ਪੱਕਾ ਐਡਰੈੱਸ ਵੀ ਨਹੀਂ ਹੈ। ਉਨ੍ਹਾਂ ਖਿਲਾਫ ਕਈ ਚਾਰਜਿਜ਼ ਲਾਏ ਗਏ ਹਨ। ਡਿਟੈਕਟਿਵਜ਼ ਵੱਲੋਂ ਹੋਰਨਾਂ ਪੁਲਿਸ ਸਰਵਿਸਿਜ਼ ਨਾਲ ਮਿਲ ਕੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਕ੍ਰਿਕਟਰ ਮੁਹੰਮਦ ਸ਼ਮੀ ਅਰਜੁਨ ਪੁਰਸਕਾਰ ਨਾਲ ਸਨਮਾਨਿਤ



ਨਵੀਂ ਦਿੱਲੀ, 9 ਜਨਵਰੀ (ਪੋਸਟ ਬਿਊਰੋ): ਦੇਸ਼ ਦੇ ਰਾਸ਼ਟਰਪਤੀ ਸਾਰੇ ਖਿਡਾਰੀਆਂ ਅਤੇ ਕੋਚਾਂ ਦਾ ਸਨਮਾਨ ਕਰ ਰਹੇ ਹਨ। ਅੱਜ ਰਾਸ਼ਟਰਪਤੀ ਭਵਨ ਵਿੱਚ ਸਾਰੇ ਪੁਰਸਕਾਰ ਜੇਤੂਆਂ ਨੂੰ ਇਨਾਮਾਂ ਦੇ ਨਾਲ ਸਰਟੀਫਿਕੇਟ ਵੀ ਦਿੱਤੇ ਜਾ ਰਹੇ ਹਨ। ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਰਾਸ਼ਟਰੀ ਖੇਡ ਪੁਰਸਕਾਰ 'ਚ ਕ੍ਰਿਕਟਰ ਮੁਹੰਮਦ ਸ਼ਮੀ ਨੂੰ ਅਰਜੁਨ ਪੁਰਸਕਾਰ ਨਾਲ ਸਨਮਾਨਿਤ ਕੀਤਾ ਹੈ। ਇਸ ਵਾਰ ਕੁੱਲ 26 ਖਿਡਾਰੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ। ਸਾਤਵਿਕ-ਚਿਰਾਗ ਦੀ ਜੋੜੀ ਨੂੰ ਖੇਡ ਰਤਨ ਦਿੱਤਾ ਜਾਵੇਗਾ। ਜਦਕਿ ਅਰਜੁਨ ਐਵਾਰਡ ਲਈ ਹੋਰ 24 ਖਿਡਾਰੀਆਂ ਦੀ ਚੋਣ ਕੀਤੀ ਗਈ ਹੈ। ਖੇਡ ਮੰਤਰਾਲੇ ਮੁਤਾਬਕ ਵੱਖ-ਵੱਖ ਕਮੇਟੀਆਂ ਦੀਆਂ ਸਿਫਾਰਸ਼ਾਂ ਦੇ ਆਧਾਰ 'ਤੇ ਅਤੇ ਪੂਰੀ ਜਾਂਚ ਤੋਂ ਬਾਅਦ ਸਰਕਾਰ ਨੇ ਇਨ੍ਹਾਂ ਸਾਰੇ ਖਿਡਾਰੀਆਂ, ਕੋਚਾਂ ਅਤੇ ਸੰਸਥਾਵਾਂ ਨੂੰ ਪੁਰਸਕਾਰ ਲਈ ਚੁਣਿਆ ਹੈ। ਖੇਡ ਰਤਨ ਅਵਾਰਡ ਲਈ ਚਿਰਾਗ ਸ਼ੈਟੀ (ਬੈਡਮਿੰਟਨ) ਅਤੇ ਸਾਤਵਿਕਸਾਈਰਾਜ ਰੈਂਕੀਰੈੱਡੀ (ਬੈਡਮਿੰਟਨ) ਨੂੰ ਚੁਣਿਆ ਗਿਆ ਹੈ। ਇਸਦੇ ਨਾਲ ਹੀ ਅਰਜੁਨ ਅਵਾਰਡ ਲਈ ਓਜਸ ਪ੍ਰਵੀਨ ਦੇਵਤਾਲੇ (ਤੀਰਅੰਦਾਜ਼ੀ), ਅਦਿਤੀ ਗੋਪੀਚੰਦ ਸਵਾਮੀ (ਤੀਰਅੰਦਾਜ਼ੀ) ਸ਼੍ਰੀਸ਼ੰਕਰ (ਐਥਲੈਟਿਕਸ), ਪਾਰੁਲ ਚੌਧਰੀ (ਐਥਲੈਟਿਕਸ), ਮੁਹੰਮਦ ਹੁਸਾਮੁਦੀਨ (ਬਾਕਸਿੰਗ) ਆਰ ਵੈਸ਼ਾਲੀ (ਸ਼ਤਰੰਜ), ਮੁਹੰਮਦ ਸ਼ਮੀ (ਕ੍ਰਿਕਟ), ਅਨੁਸ਼ ਅਗਰਵਾਲ (ਘੋੜ ਸਵਾਰੀ), ਪ੍ਰਾਚੀ ਯਾਦਵ (ਪੈਰਾ ਕੈਨੋਇੰਗ) ਸ਼ਾਮਿਲ ਹਨ।

## ਓਨਟਾਰੀਓ ਵਿੱਚ ਵਾਪਿਸ ਮੰਗਵਾਇਆ ਗਿਆ ਫਾਰਮ ਬੁਆਇ ਮਾਰਗਰੀਟਾ ਪੀਜ਼ਾ




ਓਨਟਾਰੀਓ, 9 ਜਨਵਰੀ (ਪੋਸਟ ਬਿਊਰੋ) : ਮਸ਼ਹੂਰ ਕੈਨੇਡੀਅਨ ਫੂਡ ਰੀਟੇਲਰ ਵੱਲੋਂ ਆਪਣੇ ਵੀਗਨ ਪੀਜ਼ਾ ਨੂੰ ਓਨਟਾਰੀਓ ਵਿੱਚ ਵਾਪਿਸ ਮੰਗਾ ਲਿਆ ਗਿਆ ਹੈ। ਹੈਲਥ ਕੈਨੇਡਾ ਦਾ ਕਹਿਣਾ ਹੈ ਕਿ ਇਹ ਫੈਸਲਾ ਅਣਐਲਾਨੇ ਦੁੱਧ ਕਾਰਨ ਲਿਆ ਗਿਆ ਹੈ।

ਹੈਲਥ ਕੈਨੇਡਾ ਨੇ ਦੱਸਿਆ ਕਿ ਫਾਰਮ ਬੁਆਇ ਵੱਲੋਂ ਆਪਣਾ ਵੀਗਨ ਗਲੂਟਨ ਫਰੀ ਮਾਰਗਰੀਟਾ ਪੀਜ਼ਾ ਵਾਪਿਸ ਮੰਗਵਾਇਆ ਗਿਆ ਹੈ। ਇਸ ਲਈ ਕੰਪਨੀ ਵੱਲੋਂ ਆਪਣੇ ਗਾਹਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਇਸ ਪੀਜ਼ੇ ਦੀ ਵਰਤੋਂ ਨਾ ਕਰਨ ਕਿਉਂਕਿ ਇਸ ਵਿੱਚ ਅਲਰਜੀ ਕਰਨ ਵਾਲੇ ਤੇ ਸੰਵੇਦਨਸ਼ੀਲ ਤੱਤ ਪਾਏ ਗਏ ਹਨ।

ਹੈਲਥ ਕੈਨੇਡਾ ਨੇ ਲਿਖਿਆ ਕਿ ਇਸ ਪੀਜ਼ੇ ਨੂੰ ਇਸ ਲਈ ਵਾਪਿਸ ਮੰਗਵਾਇਆ ਗਿਆ ਹੈ ਕਿਉਂਕਿ ਇਸ ਵਿੱਚ ਦੁੱਧ ਹੈ ਤੇ ਉਸ ਦਾ ਲੇਬਲ ਉੱਤੇ ਜ਼ਿਕਰ ਨਹੀਂ ਕੀਤਾ ਗਿਆ।

ਜਿਨ੍ਹਾਂ ਵੱਲੋਂ ਫਾਰਮ ਬੁਆਇ ਦਾ ਇਹ ਵੀਗਨ ਪੀਜ਼ਾ ਖਰੀਦਿਆ ਗਿਆ ਹੈ ਉਨ੍ਹਾਂ ਨੂੰ ਇਸ ਨੂੰ ਸਰਵ ਕਰਨ, ਇਸ ਦੀ ਵਰਤੋਂ ਕਰਨ ਜਾਂ ਇਸ ਨੂੰ ਵੰਡਣ ਤੋਂ ਮਨ੍ਹਾਂ ਕੀਤਾ ਗਿਆ ਹੈ। ਇਸ ਪੀਜ਼ਾ ਨੂੰ ਜਾਂ ਤਾਂ ਸੁੱਟ ਦੇਣ ਤੇ ਜਾਂ ਫਿਰ ਜਿੱਥੋਂ ਖਰੀਦਿਆ ਗਿਆ ਹੈ ਉੱਥੇ ਹੀ ਮੋੜਨ ਦੀ ਅਪੀਲ ਵੀ ਕੀਤੀ ਜਾ ਰਹੀ ਹੈ। ਇਸ ਸਮੇਂ ਫਾਰਮ ਬੁਆਇ ਦੀਆਂ ਓਨਟਾਰੀਓ ਵਿੱਚ 47 ਲੋਕੇਸ਼ਨਾਂ ਹਨ, ਜਿਨ੍ਹਾਂ ਵਿੱਚੋਂ 10 ਟੋਰਾਂਟੋ ਵਿੱਚ ਹਨ ਤੇ 16 ਓਟਵਾ ਵਿੱਚ ਹਨ।

## ਜਰਮਨੀ ਵਿਚ ਕਿਸਾਨ ਟਰੈਕਟਰ ਲੈ ਕੇ ਸੜਕਾਂ 'ਤੇ ਉਤਰੇ, ਸਬਸਿਡੀ ਵਿਚ ਕਟੌਤੀ ਨੂੰ ਲੈ ਕੇ ਹੰਗਾਮਾ



ਬਰਲਿਨ, 9 ਜਨਵਰੀ (ਪੋਸਟ ਬਿਊਰੋ): ਜਰਮਨੀ 'ਚ ਵੱਡੀ ਗਿਣਤੀ 'ਚ ਕਿਸਾਨ ਸੜਕਾਂ 'ਤੇ ਉਤਰ ਆਏ ਹਨ। ਕਿਸਾਨਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਬਸਿਡੀਆਂ ਵਿੱਚ ਕਟੌਤੀ ਵਿਰੁੱਧ ਦੇਸ਼ ਭਰ ਵਿੱਚ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ। ਕਿਸਾਨਾਂ ਨੇ ਰਾਜਧਾਨੀ ਬਰਲਿਨ ਤੋਂ ਲੈ ਕੇ ਕਈ ਵੱਡੇ ਸ਼ਹਿਰਾਂ ਨੂੰ ਜਾਣ ਵਾਲੀਆਂ ਸੜਕਾਂ ਜਾਮ ਕਰ ਦਿੱਤੀਆਂ ਹਨ। ਉਹ ਸੜਕਾਂ 'ਤੇ ਰੂੜੀ ਖਿਲਾਰ ਕੇ ਵਿਰੋਧ ਕਰ ਰਹੇ ਹਨ।

ਜਰਮਨੀ ਦੇ ਸਾਰੇ 16 ਰਾਜਾਂ ਵਿੱਚ ਕੜਾਕੇ ਦੀ ਠੰਡ ਵਿੱਚ ਕਿਸਾਨ ਟਰੈਕਟਰਾਂ ਦੇ ਕਾਫਲਿਆਂ ਨਾਲ ਸੜਕਾਂ 'ਤੇ ਫਸੇ ਹੋਏ ਹਨ। ਇਸ ਦੌਰਾਨ ਪੁਲਿਸ ਨਾਲ ਟਕਰਾਅ ਕਰ ਰਹੇ ਪ੍ਰਦਰਸ਼ਨਕਾਰੀ ਕਿਸਾਨਾਂ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਉਹ ਹੋਰ ਤਿੱਖਾ ਰੁਖ ਅਖ਼ਤਿਆਰ ਕਰਨਗੇ।

ਜਰਮਨ ਸਰਕਾਰ ਨੇ ਪਿਛਲੇ ਸਾਲ ਦਸੰਬਰ ਵਿੱਚ ਕਿਸਾਨਾਂ ਨੂੰ ਦਿੱਤੀ ਜਾਣ ਵਾਲੀ ਸਬਸਿਡੀ ਵਿੱਚ ਕਟੌਤੀ ਕਰ ਦਿੱਤੀ ਸੀ। ਖੇਤੀਬਾੜੀ ਵਿੱਚ ਵਰਤੇ ਜਾਣ ਵਾਲੇ ਡੀਜ਼ਲ 'ਤੇ ਟੈਕਸ ਰਿਫੰਡ ਅਤੇ ਟਰੈਕਟਰਾਂ 'ਤੇ ਟੈਕਸ ਛੋਟ ਖਤਮ ਕਰ ਦਿੱਤੀ ਗਈ ਹੈ। ਇਸ ਦੇ ਲਈ ਸਰਕਾਰੀ ਪੈਸੇ ਦੀ ਬਚਤ ਦਾ ਹਵਾਲਾ ਦਿੱਤਾ ਗਿਆ।

ਸਰਕਾਰ ਅਸਲ ਵਿੱਚ ਕਿਸਾਨਾਂ ਨੂੰ ਹਰ ਸਾਲ ਦਿੱਤੀ ਜਾਣ ਵਾਲੀ ਸਬਸਿਡੀ ਤੋਂ ਲਗਭਗ 90 ਕਰੋੜ ਯੂਰੋ ਬਚਾਉਣਾ ਚਾਹੁੰਦੀ ਹੈ। ਕਿਸਾਨਾਂ ਦੀ ਮੰਗ ਹੈ ਕਿ ਸਬਸਿਡੀ ਵਿੱਚ ਕੀਤੀ ਗਈ ਕਟੌਤੀ ਨੂੰ ਜਲਦੀ ਤੋਂ ਜਲਦੀ ਬਹਾਲ ਕੀਤਾ ਜਾਵੇ। ਕਿਸਾਨਾਂ ਨੇ ਇਸ ਮੰਗ ਨੂੰ ਲੈ ਕੇ ਪਿਛਲੇ ਸਾਲ 18 ਦਸੰਬਰ ਨੂੰ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ ਸੀ।

NOW HIRING !!!
ALLKIND INSURANCE
Life Insurance • Critical illness Ins • Travel & Visitor Ins • RESP & TFSA & RRSP
Super Visa Insurance • Mortgage Insurance • Disability Insurance • Funeral Insurance
SIMRAN SAINI 416.994.7272
www.allkindinsurance.com

MagGas Medical Brampton
MGM MAGGAS MEDICAL INC. Helping you breathe deep and rest easy.
(647) 954-9885
20 Maritime Ont Blvd Unit 15 Brampton, ON L6S 0C2

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

PEST PROBLEM ? Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE 647.990.3205
KSG Pest Control Inc. Residential, Commercial www.ksgpestcontrol.ca ksgpestcontrol@gmail.com
Amarjeet Singh Gill

Law Office of Aman Sharma
Real Estate • Commercial Lease • Business Purchase & Sale • Notarizations & Affidavits • Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

SUPER VISA INSURANCE EXPERTS Punjab Insurance Inc
Disability Insurance • Mortgage Insurance • Life Insurance • Visitor & Travel Insurance • RESP(Education Plan) • Critical Illness Insurance
RANJIT GILL Insurance Advisor Ph: 416.724.5000
7003 Steeles Ave. W, Unit 10, Etobicoke, ON, M9W 0A2
gill@punjabinsurance.ca topinsuranceservices.ca

HELPING YOU PLAN TODAY...FOR TOMORROW
Supervisa / Visitor Insurance • Life /Mortgage/Funeral Insurance • Disability Insurance • Critical Illness Insurance • RESP /RRSP
www.ufsinsurance.com
JATINDERBIR S BAJWA Insurance Broker Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

KELLEY LAW OFFICE
Immigration • Real Estate • Family Law • Business Closing • Corporate • Wills & Estate • Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ? • ਗਾਰਨਿਸ਼ਮੈਂਟ? • ਬੈਂਕ ਵਲੋਂ ਪੈਸੇ ਦੀ ਮੰਗ ? • ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Royal Pest Control
Residential Commercial Industrial
Specialist in Bedbugs Service
All Pest Control : Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL 416 938 4598

PROTECT YOUR HOME FROM PESTS Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law • Business Law • Wills & Estates • Family Law • Power of Attorney • Civil Litigation • Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

## ਅੱਜ ਨਾਮਾ >>

ਪੁਆੜਾ ਵਧਿਆ ਹੈ ਜਾਪਦਾ ਕਾਂਗਰਸ ਦਾ,
ਹਰ ਕੋਈ ਕਹੇ ਪਿਆ ਵੱਖਰੀ ਗੱਲ ਬੇਲੀ।
ਕਰੀ ਕੁਝ ਸਿੱਧੂ ਦਾ ਲੀਡਰ ਵਿਰੋਧ ਜਾਂਦੇ,
ਬਾਕੀ ਕੁਝ ਖੜੇ ਆ ਸਿੱਧੂ ਦੇ ਵੱਲ ਬੇਲੀ।
ਖਿਝੇ ਕੁਝ ਆਗੂ ਤਾਂ ਸਾਫ ਨੇ ਮੰਗ ਕਰਦੇ,
ਕੱਢ ਕੇ ਬਾਹਰ ਤੇ ਪੱਕਾ ਕਰੋ ਹੱਲ ਬੇਲੀ।
ਭਾਰੀ ਮੁਸ਼ਕਲ ਤਾਂ ਇੱਕੋ ਆ ਪਾਰਟੀ ਦੀ,
ਬੰਨ੍ਹੇ ਕੌਣ ਜਾ ਕੇ ਬਿੱਲੀ ਗਲ਼ ਟੱਲ ਬੇਲੀ।
ਬਰੇਕਾਂ ਬਗੈਰ ਪਿਆ ਦੌੜੇ ਨਵਜੋਤ ਸਿੱਧੂ,
ਲਾਹੁੰਦਾ ਰਹਿੰਦਾ ਹੈ ਵਾਲ਼ ਦੀ ਖੱਲ ਬੇਲੀ।
ਇੱਕੋ ਲੀਡਰ ਨਹੀਂ ਜਿਨ੍ਹਾਂ ਤੋਂ ਸਾਂਭ ਹੁੰਦਾ,
ਕਿਹੜੀ ਮਾਰਨਗੇ ਭਲਾ ਫਿਰ ਮੱਲ ਬੇਲੀ।

**ਤੀਸ ਮਾਰ ਖਾਂ**

# ਸੜਕ ਹਾਦਸੇ 'ਚ ਦਿੱਲੀ ਪੁਲਿਸ ਦੇ 2 ਇੰਸਪੈਕਟਰਾਂ ਦੀ ਦਰਦਨਾਕ ਮੌਤ, ਕਾਰ ਹੋਈ ਚਕਨਾਚੂਰ

ਨਵੀਂ ਦਿੱਲੀ, 9 ਜਨਵਰੀ (ਪੋਸਟ ਬਿਊਰੋ): ਦਿੱਲੀ ਪੁਲਿਸ ਦੇ ਦੋ ਇੰਸਪੈਕਟਰਾਂ ਦੀ ਸੜਕ ਹਾਦਸੇ ਵਿੱਚ ਦਰਦਨਾਕ ਮੌਤ ਹੋ ਗਈ ਹੈ। ਇਹ ਹਾਦਸਾ ਹਰਿਆਣਾ ਦੇ ਸੋਨੀਪਤ ਜ਼ਿਲ੍ਹੇ ਦੇ ਕੁੰਡਲੀ ਸਰਹੱਦ ਨੇੜੇ ਵਾਪਰਿਆ। ਮ੍ਰਿਤਕਾਂ ਦੀ ਪਛਾਣ ਨਾਰਥ ਵੈਸਟ ਡਿਸਟ੍ਰਿਕਟ ਸਪੈਸ਼ਲ ਸਟਾਫ 'ਚ ਤਾਇਨਾਤ ਇੰਸਪੈਕਟਰ ਦਿਨੇਸ਼ ਬੈਨੀਵਾਲ ਅਤੇ ਆਦਰਸ਼ ਨਗਰ ਪੁਲਸ ਸਟੇਸ਼ਨ 'ਚ ਤਾਇਨਾਤ ਏਟੀਓ ਇੰਸਪੈਕਟਰ ਰਣਵੀਰ ਵਜੋਂ ਹੋਈ ਹੈ। ਇਹ ਹਾਦਸਾ ਸੋਨੀਪਤ ਤੋਂ ਲੰਘਦੇ ਨੈਸ਼ਨਲ ਹਾਈਵੇਅ 44 'ਤੇ ਦੇਰ ਰਾਤ ਵਾਪਰਿਆ।

ਹਾਦਸੇ ਦੀ ਸੂਚਨਾ ਮਿਲਣ ਤੋਂ ਬਾਅਦ ਥਾਣਾ ਕੁੰਡਲੀ ਦੀ ਪੁਲਸ ਮੌਕੇ 'ਤੇ ਪਹੁੰਚ ਗਈ। ਪੁਲੀਸ ਨੇ ਦੋਵਾਂ ਦੀਆਂ ਲਾਸ਼ਾਂ ਨੂੰ ਕਬਜ਼ੇ ਵਿੱਚ



ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜ ਦਿੱਤਾ ਹੈ। ਸੋਨੀਪਤ ਕੁੰਡਲੀ ਥਾਣਾ ਪੁਲਸ ਹਾਦਸੇ ਦੀ ਗੰਭੀਰਤਾ ਨਾਲ ਜਾਂਚ ਕਰ ਰਹੀ ਹੈ।

ਦਿੱਲੀ-ਐੱਨਸੀਆਰ ਸਮੇਤ ਦੇਸ਼ ਦੇ ਸਾਰੇ ਰਾਜਾਂ 'ਚ ਬੇਹੱਦ ਠੰਢ ਪੈ ਰਹੀ ਹੈ। ਇਸ ਦੌਰਾਨ ਧੁੰਦ ਕਾਰਨ ਕਈ ਹਾਦਸੇ ਵੀ ਵਾਪਰ ਰਹੇ ਹਨ। ਅਜਿਹੇ 'ਚ ਜੇਕਰ ਤੁਸੀਂ ਕਾਰ ਰਾਹੀਂ ਘਰ ਤੋਂ ਬਾਹਰ ਜਾ ਰਹੇ ਹੋ ਤਾਂ ਅਲਰਟ ਗੱਡੀ ਚਲਾਓ ਅਤੇ ਸਪੀਡ ਹੌਲੀ ਰੱਖੋ।

# ਕਰੀਪੁਰ ਏਅਰਪੋਰਟ 'ਤੇ ਇੰਡੀਗੋ ਦੀ ਫਲਾਈਟ 'ਚੋਂ ਮਿਲਿਆ 2 ਕਰੋੜ ਦਾ ਸੋਨਾ, ਤਿੰਨ ਗ੍ਰਿਫਤਾਰ

ਕੋਚੀ, 9 ਜਨਵਰੀ (ਪੋਸਟ ਬਿਊਰੋ): ਕੇਰਲ ਦੇ ਕੋਚੀ 'ਚ ਪੁਲਿਸ ਨੇ ਨੇ ਦੁਮਬਸੇਰੀ ਦੇ ਕਰੀਪੁਰ ਹਵਾਈ ਅੱਡੇ 'ਤੇ 2 ਕਰੋੜ ਰੁਪਏ ਦਾ ਸੋਨਾ ਜ਼ਬਤ ਕੀਤਾ ਹੈ। ਕਸਟਮ ਵਿਭਾਗ ਦੇ ਅਧਿਕਾਰੀਆਂ ਨੇ ਤਿੰਨ ਯਾਤਰੀਆਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਵਿੱਚੋਂ ਦੋ ਨੇ 1.25 ਕਿਲੋ ਸੋਨਾ ਅਤੇ ਇੱਕ ਵਿਦੇਸ਼ੀ ਨਾਗਰਿਕ ਕੋਲੋਂ 472 ਗ੍ਰਾਮ ਸੋਨਾ ਜ਼ਬਤ ਕੀਤਾ ਹੈ। ਬੈਂਕਾਕ ਤੋਂ ਜਾਪਾਨੀ ਨਾਗਰਿਕ ਸ਼ਿਕਾਮਾ ਵੀ ਗ੍ਰਿਫਤਾਰ ਕੀਤੇ ਗਏ ਲੋਕਾਂ ਵਿੱਚ ਸ਼ਾਮਲ ਸੀ। ਟੇਕੋ ਨੇ ਮੋਢੇ ਵਾਲੇ ਬੈਗ ਦੇ ਅੰਦਰ ਪਰਸ ਵਿੱਚ ਲੁਕਾ ਕੇ ਸੱਤ ਬਿਸਕੁਟਾਂ ਦੇ ਰੂਪ ਵਿੱਚ 472 ਗ੍ਰਾਮ ਸੋਨਾ ਤਸਕਰੀ ਕਰਨ ਦੀ ਕੋਸ਼ਿਸ਼ ਕੀਤੀ।

ਇਹ ਘਟਨਾ ਕਰੀਪੁਰ ਹਵਾਈ ਅੱਡੇ 'ਤੇ ਹਾਲ ਹੀ ਵਿਚ ਜ਼ਬਤ ਕੀਤੇ ਗਏ ਸੋਨੇ ਦੀ ਤਸਕਰੀ ਦੇ ਵਧ ਰਹੇ



ਰੁਝਾਨ ਨੂੰ ਦਰਸਾਉਂਦੀ ਹੈ। ਪਿਛਲੇ ਹਫ਼ਤੇ ਪੂਰਬੀ ਕੋਜ਼ੀਕੋਡ ਦੇ ਮਲਾਇਲ ਮੁਹੰਮਦ ਜ਼ਿਆਦ (24) ਅਤੇ ਪੱਲੀਕਾਰਾ, ਕਾਸਰਗੋਡ ਦੇ ਅਸ਼ਰਫ਼ (30) ਨੂੰ ਬਰੈੱਡ ਟੋਸਟ ਵਿੱਚ ਛੁਪਾ ਕੇ ਅਤੇ ਉਨ੍ਹਾਂ ਦੇ ਸਰੀਰ ਵਿਚ ਛੁਪਾਏ ਹੋਏ 1.5 ਕਿਲੋਗ੍ਰਾਮ ਤੋਂ ਵੱਧ ਸੋਨੇ ਦੇ ਨਾਲ ਗ੍ਰਿਫਤਾਰ ਕੀਤਾ ਗਿਆ ਸੀ।

ਪਿਛਲੇ ਹਫ਼ਤੇ ਪੂਰਬੀ ਕੋਜ਼ੀਕੋਡ ਦੇ ਮਲਾਈਲ ਮੁਹੰਮਦ ਜ਼ਿਆਦ (24) ਅਤੇ ਪੱਲੀਕਾਰਾ, ਕਾਸਰਗੋਡ ਦੇ ਅਸ਼ਰਫ਼ (30) ਨੂੰ ਬਰੈੱਡ ਟੋਸਟ ਅਤੇ ਉਨ੍ਹਾਂ ਦੇ ਸਰੀਰ ਵਿੱਚ ਛੁਪੇ ਡੇਢ ਕਿਲੋ ਸੋਨਾ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਸੀ। ਇਹ ਬਰਾਮਦਗੀ ਕਰੀਬ 88 ਲੱਖ ਰੁਪਏ ਦਾ ਸੋਨਾ ਹੈ। ਫਿਲਹਾਲ ਏਅਰਪੋਰਟ ਰਾਹੀਂ ਤਸਕਰੀ ਦੀਆਂ ਵਧਦੀਆਂ ਕੋਸ਼ਿਸ਼ਾਂ ਨੂੰ ਰੋਕਣ ਲਈ ਕਸਟਮ ਅਧਿਕਾਰੀ ਘਟਨਾ ਦੀ ਬਾਰੀਕੀ ਨਾਲ ਜਾਂਚ ਕਰ ਰਹੇ ਹਨ।

# ਕੜਾਕੇ ਦੀ ਠੰਢ ਵਿਚ ਅੰਬਾਲਾ ਦੇ ਹਸਪਤਾਲ ਦੇ ਬਾਹਰ ਔਰਤ ਨੇ ਦਿੱਤਾ ਬੱਚੇ ਨੂੰ ਜਨਮ, ਮਿੰਨਤਾਂ ਕਰਨ 'ਤੇ ਵੀ ਨਹੀਂ ਮਿਲੀ ਮਦਦ

ਅੰਬਾਲਾ, 9 ਜਨਵਰੀ (ਪੋਸਟ ਬਿਊਰੋ): ਹਰਿਆਣਾ ਵਿਚ ਅੰਬਾਲਾ ਦੇ ਸਰਕਾਰੀ ਜ਼ਿਲ੍ਹਾ ਹਸਪਤਾਲ ਕੰਪਲੈਕਸ ਵਿੱਚ ਸੋਮਵਾਰ ਨੂੰ ਇੱਕ ਔਰਤ ਨੇ ਸਬਜ਼ੀ ਵਾਲੀ ਗੱਡੀ ਵਿਚ ਬੱਚੇ ਨੂੰ ਜਨਮ ਦਿੱਤਾ। ਦੋਸ਼ ਹੈ ਕਿ ਡਾਕਟਰਾਂ ਨੇ ਉਸ ਦੇ ਪਤੀ ਦੇ ਵਾਰ-ਵਾਰ ਮਦਦ ਲਈ ਬੇਨਤੀ ਕਰਨ 'ਤੇ ਧਿਆਨ ਦੇਣ ਤੋਂ ਇਨਕਾਰ ਕਰ ਦਿੱਤਾ। ਬੱਚੇ ਦਾ ਜਨਮ ਇਸ ਸਰਦੀਆਂ ਦੀ ਸਭ ਤੋਂ ਠੰਢੀ ਸ਼ਾਮ ਨੂੰ ਦਰਵਾਜ਼ੇ ਦੇ ਬਾਹਰ ਹੋਇਆ। ਔਰਤ ਦੇ ਪਤੀ ਨੇ ਕਿਹਾ, "ਇਹ ਰੱਬ ਸੀ ਜਿਸ ਨੇ ਉਸ ਨੂੰ ਬਚਾਇਆ।" ਉਨ੍ਹਾਂ ਕਿਹਾ, "ਮੈਂ ਡਾਕਟਰਾਂ ਅਤੇ ਹਸਪਤਾਲ ਦੇ ਸਟਾਫ਼ ਨੂੰ ਭਗਵਾਨ



ਸਮਝਦਾ ਸੀ, ਪਰ ਇਸ ਘਟਨਾ ਤੋਂ ਬਾਅਦ ਮੇਰਾ ਇਨ੍ਹਾਂ ਹਸਪਤਾਲ ਸਟਾਫ ਤੋਂ ਵਿਸ਼ਵਾਸ ਉੱਠ ਗਿਆ ਹੈ।"

ਪੰਜਾਬ ਦੇ ਦੱਪਰ ਸ਼ਹਿਰ ਦਾ ਰਹਿਣ ਵਾਲਾ ਇਹ ਵਿਅਕਤੀ ਆਪਣੀ ਗਰਭਵਤੀ ਪਤਨੀ ਨੂੰ ਹਸਪਤਾਲ ਲਿਜਾਣ ਲਈ ਦਰ-ਦਰ ਭਟਕ ਰਿਹਾ ਸੀ। ਉਨ੍ਹਾਂ ਕਿਹਾ ਕਿ ਕੋਈ ਸਟਰੈਚਰ ਲਿਆਉਣ ਨੂੰ ਵੀ ਤਿਆਰ ਨਹੀਂ ਸੀ। ਆਖਿਰਕਾਰ ਔਰਤ ਨੇ ਹਸਪਤਾਲ ਦੇ ਗੇਟ ਕੋਲ ਸਬਜ਼ੀ ਵਾਲੀ ਗੱਡੀ ਵਿਚ ਬੱਚੇ ਨੂੰ ਜਨਮ ਦਿੱਤਾ।

ਇਹ ਖਬਰ ਫੈਲਦੇ ਹੀ ਹਸਪਤਾਲ 'ਚ ਹਫੜਾ-ਦਫੜੀ ਮਚ ਗਈ ਅਤੇ ਆਖਰਕਾਰ ਮਾਂ ਅਤੇ ਬੱਚੇ ਨੂੰ ਅੰਦਰ ਲਿਜਾ ਕੇ ਵਾਰਡ 'ਚ ਰੱਖਿਆ ਗਿਆ। ਇਸ ਮਾਮਲੇ ਦੀ ਜਾਣਕਾਰੀ ਸੂਬੇ ਦੇ ਸਿਹਤ ਮੰਤਰੀ ਅਨਿਲ ਵਿੱਜ ਨੂੰ ਵੀ ਦਿੱਤੀ ਗਈ ਹੈ, ਜਿਨ੍ਹਾਂ ਨੇ ਕਿਹਾ ਹੈ ਕਿ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਵੇਗੀ ਅਤੇ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਵੇਗੀ।

# ਅਮਰੋਹਾ 'ਚ ਅੰਗੀਠੀ ਜਲਾ ਕੇ ਸੌਂ ਗਿਆ ਪਰਿਵਾਰ, ਦਮ ਘੁਟਣ ਕਾਰਣ 5 ਬੱਚੇ ਮਰੇ

ਅਮਰੋਹਾ, 9 ਜਨਵਰੀ (ਪੋਸਟ ਬਿਊਰੋ): ਉਤਰ ਪ੍ਰਦੇਸ਼ ਦੇ ਅਮਰੋਹਾ ਵਿੱਚ ਇੱਕ ਦਿਲ ਦਹਿਲਾ ਦੇਣ ਵਾਲੀ ਘਟਨਾ ਸਾਹਮਣੇ ਆਈ ਹੈ। ਜਾਣਕਾਰੀ ਮੁਤਾਬਕ ਢਾਕਾ ਮੋੜ ਪਿੰਡ 'ਚ ਘਰ 'ਚ ਸੁੱਤੇ ਪਏ 5 ਬੱਚਿਆਂ ਦੀ ਦਮ ਘੁਟਣ ਕਾਰਨ ਮੌਤ ਹੋ ਗਈ। ਘਟਨਾ ਬਾਰੇ ਅਮਰੋਹਾ ਦੇ ਜ਼ਿਲ੍ਹਾ ਮੈਜਿਸਟ੍ਰੇਟ ਰਾਜੇਸ਼ ਤਿਆਗੀ ਨੇ ਦੱਸਿਆ ਕਿ ਪਰਿਵਾਰ ਦੇ ਮੈਂਬਰ ਪੱਥਰ ਅੰਗੀਠੀ ਜਲਾ ਕੇ ਸੁੱਤੇ ਪਏ ਸਨ। ਠੰਢ ਕਾਰਣ ਰਈਸੁਦੀਨ ਦੇ ਪਰਿਵਾਰ ਦੇ 7 ਲੋਕ ਇਕ ਹੀ ਕਮਰੇ 'ਚ ਸੌਂ ਰਹੇ ਸਨ। ਮੁੱਢਲੀ ਜਾਂਚ 'ਚ ਪਤਾ ਲੱਗਾ ਹੈ ਕਿ ਆਕਸੀਜਨ ਦੀ ਕਮੀ ਕਾਰਨ ਦਮ ਘੁਟਣ ਕਾਰਨ ਮੌਤ ਹੋਈ ਹੈ।

ਇਕ ਹੀ ਪਰਿਵਾਰ ਦੇ 7 ਲੋਕਾਂ 'ਚੋਂ 5 ਲੋਕਾਂ ਦੀ ਮੌਤ ਹੋ ਗਈ ਹੈ, ਜਦਕਿ 2 ਲੋਕ



ਹਸਪਤਾਲ 'ਚ ਜ਼ੇਰੇ ਇਲਾਜ ਹਨ। ਮਰਨ ਵਾਲੇ 5 ਬੱਚਿਆਂ ਵਿੱਚੋਂ 3 ਰਈਸੁਦੀਨ ਦੇ ਅਤੇ 2 ਰਿਸ਼ਤੇਦਾਰ ਸਨ। ਦੋ ਹੋਰ ਜ਼ਖ਼ਮੀਆਂ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ ਜਿਥੇ ਉਨ੍ਹਾਂ ਦੀ ਹਾਲਤ ਸਥਿਰ ਹੈ।

ਜਾਣਕਾਰੀ ਮੁਤਾਬਿਕ ਜਦੋਂ ਵੀ ਕਿਸੇ ਬੰਦ ਕਮਰੇ ਵਿੱਚ ਚੁੱਲ੍ਹਾ ਜਾਂ ਕੋਲਾ ਸਾੜਿਆ ਜਾਂਦਾ ਹੈ, ਤਾਂ ਇਹ ਕਮਰੇ ਵਿੱਚ ਮੌਜੂਦ ਸਾਰੀ ਆਕਸੀਜਨ ਦੀ ਵਰਤੋਂ ਕਰਦਾ ਹੈ। ਜ਼ਿਕਰਯੋਗ ਹੈ ਕਿ ਅੱਗ ਨੂੰ ਬਲ਼ਣ ਲਈ ਆਕਸੀਜਨ ਦੀ ਲੋੜ ਹੁੰਦੀ ਹੈ। ਕਮਰੇ ਵਿੱਚ ਕਾਰਬਨ ਮੋਨੋਆਕਸਾਈਡ ਦੀ ਮਾਤਰਾ ਕਾਫ਼ੀ ਵੱਧ ਜਾਂਦੀ ਹੈ ਅਤੇ ਆਕਸੀਜਨ ਦਾ ਪੱਧਰ ਘਟਣਾ ਸ਼ੁਰੂ ਹੋ ਜਾਂਦਾ ਹੈ। ਇਸ ਘਟਨਾ ਦਾ ਸਿੱਧਾ ਅਸਰ ਦਿਮਾਗ 'ਤੇ ਪੈਂਦਾ ਹੈ। ਆਕਸੀਜਨ ਦੀ ਕਮੀ ਕਾਰਨ ਲੋਕਾਂ ਨੂੰ ਸਾਹ ਲੈਣ ਵਿੱਚ ਦਿੱਕਤ ਆਉਂਦੀ ਹੈ ਅਤੇ ਕਈ ਵਾਰ ਲੋਕ ਮਰ ਵੀ ਜਾਂਦੇ ਹਨ।

### ਜੁਵੇਨਾਇਲ ਜਸਟਿਸ ਐਕਟ-2015 ਅਧੀਨ ਬਾਲ ਘਰਾਂ ਦੀ ਰਜਿਸਟ੍ਰੇਸ਼ਨ ਲਾਜ਼ਮੀ : ਡਿਪਟੀ ਕਮਿਸ਼ਨਰ

ਨਵਾਂਸ਼ਹਿਰ, 9 ਜਨਵਰੀ (ਗਿਆਨ ਸਿੰਘ): ਜ਼ਿਲ੍ਹੇ ਅੰਦਰ 0-18 ਸਾਲ ਦੇ ਅਨਾਥ, ਬੇਸਹਾਰਾ ਜਾਂ ਦਿਵਿਆਂਗ ਬੱਚਿਆਂ ਲਈ ਚੱਲ ਰਹੇ ਬਾਲ ਘਰਾਂ ਦੀ ਜੁਵੇਨਾਇਲ ਜਸਟਿਸ ਐਕਟ-2015 ਦੀ ਧਾਰਾ 41 (1) ਅਧੀਨ ਰਜਿਸਟ੍ਰੇਸ਼ਨ ਕਰਵਾਉਣਾ ਲਾਜ਼ਮੀ ਹੈ। ਇਹ ਜਾਣਕਾਰੀ ਡਿਪਟੀ ਕਮਿ-ਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਦਿੰਦਿਆ ਦੱਸਿਆ ਕਿ ਕੋਈ ਵੀ ਬਾਲ ਘਰ, ਜੋ ਕਿ ਉਕਤ ਐਕਟ ਅਧੀਨ ਰਜਿਸਟਰਡ ਨਹੀਂ ਹੈ, ਉਨਾਂ ਬਾਲ ਘਰਾਂ ਦੇ ਮੁਖੀ 'ਤੇ ਜੁਵੇਨਾਇਲ ਜਸਟਿਸ ਐਕਟ 2015 ਦੀ ਧਾਰਾ 42 ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਇਸ ਕਾਰਵਾਈ ਤਹਿਤ 1 ਸਾਲ ਦੀ ਸਜ਼ਾ ਜਾਂ 1 ਲੱਖ ਰੁਪਏ ਜੁਰਮਾਨਾ ਜਾਂ ਦੋਵੇਂ ਵੀ ਹੋ ਸਕਦੇ ਹਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਐ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
➡ Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
➡ Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਅਮਰੀਕਾ ਰਹਿੰਦੇ ਡਾ. ਗੁਰਬਖ਼ਸ਼ ਭੰਡਾਲ ਨਾਲ ਨਵੇਂ ਸਾਲ ਵਿੱਚ ਬਰੈਂਪਟਨ ਵਿਚ ਹੋਈ 'ਮਿੱਤਰ-ਮਿਲਣੀ'

## ਨਵ-ਪ੍ਰਕਾਸ਼ਿਤ ਪੁਸਤਕ 'ਕੱਚੇ-ਪੱਕੇ ਰਾਹ' ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਕਵਿਤਾਵਾਂ ਵੀ ਸੁਣਾਈਆਂ ਤੇ ਸੁਣੀਆਂ

ਬਰੈਂਪਟਨ, (ਡਾ. ਝੰਡ) - ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੀ ਕਾਰਜਕਾਰਨੀ ਕਮੇਟੀ ਹਰ ਮਹੀਨੇ ਕਰਵਾਏ ਜਾਂਦੇ ਆਪਣੇ ਪਿਛਲੇ ਸਮਾਗਮ ਦੀ ਪੜਚੋਲ ਕਰਦੀ ਹੈ ਅਤੇ ਉਸ ਵਿੱਚ ਰਹਿ ਗਈਆਂ ਕਮੀਆਂ-ਪੇਸ਼ੀਆਂ ਨੂੰ ਅਗਲੇ ਸਮਾਗ਼ਮਾਂ ਦੌਰਾਨ ਦੂਰ ਕਰਨ ਦੀ ਕੋਸ਼ਿਸ਼ ਕਰਦੀ ਹੈ। ਇਸ ਦੇ ਨਾਲ ਹੀ ਉਸ ਦੇ ਵੱਲੋਂ ਅਗਲੇ ਮਹੀਨੇ ਕੀਤੇ ਜਾਣ ਵਾਲੇ ਸਮਾਗ਼ਮ ਦਾ ਏਜੰਡਾ ਵੀ ਤੈਅ ਕੀਤਾ ਜਾਂਦਾ ਹੈ। 'ਸ਼ੇਰਗਿੱਲ ਲਾਅ ਫ਼ਰਮ' ਦੇ ਮੀਟਿੰਗ-ਰੂਮ ਵਿਚ ਅਜਿਹੀ ਹੀ ਲੰਘੇ ਸ਼ਨੀਵਾਰ 6 ਜਨਵਰੀ ਨੂੰ ਹੋਈ ਮੀਟਿੰਗ ਦੌਰਾਨ ਅਮਰੀਕਾ ਦੀ ਕਲੀਵਲੈਂਡ ਯੂਨੀਵਰਸਿਟੀ ਵਿੱਚ ਇਸ ਸਮੇਂ ਭੌਤਿਕ ਵਿਗਿਆਨ ਪੜ੍ਹਾ ਰਹੇ ਡਾ. ਗੁਰਬਖ਼ਸ਼ ਭੰਡਾਲ ਹੁਰਾਂ ਨਾਲ ਸ਼ਾਨਦਾਰ 'ਮਿੱਤਰ-ਮਿਲਣੀ' ਦਾ ਸਬੱਬ ਬਣ ਗਿਆ। ਯੂਨੀਵਰਸਿਟੀ ਵਿੱਚ ਇਨ੍ਹੀਂ ਦਿਨੀਂ ਸਰਦੀਆਂ ਦੀਆਂ ਚੱਲ ਰਹੀਆਂ ਛੁੱਟੀਆਂ ਦੌਰਾਨ ਬਰੈਂਪਟਨ ਆਉਣ ਬਾਰੇ ਜਾਣਕਾਰੀ ਡਾ. ਭੰਡਾਲ ਵੱਲੋਂ ਸਭਾ ਦੇ ਇੱਕ ਮੈਂਬਰ ਨਾਲ ਕੇਵਲ ਇੱਕ ਦਿਨ ਪਹਿਲਾਂ ਹੀ ਸਾਂਝੀ ਕੀਤੀ ਗਈ ਅਤੇ ਇਸ ਤਰ੍ਹਾਂ ਨਵੇਂ ਸਾਲ ਵਿੱਚ ਉਨ੍ਹਾਂ ਨਾਲ ਮਿਲਣ ਦਾ ਇਹ ਸੰਖੇਪ ਪ੍ਰੋਗਰਾਮ ਬੜੀ ਕਾਹਲੀ ਵਿੱਚ ਬਣਿਆ ਅਤੇ ਇਸ ਦੇ ਲਈ ਹੋਰ ਸਾਥੀਆਂ ਨੂੰ ਸੂਚਿਤ ਵੀ ਨਾ ਕੀਤਾ ਜਾ ਸਕਿਆ। ਡਾ. ਭੰਡਾਲ ਆਪਣੇ ਨਾਲ ਆਪਣੀ ਨਵ-ਪ੍ਰਕਾਸ਼ਿਤ ਪੁਸਤਕ 'ਕੱਚੇ-ਪੱਕੇ ਰਾਹ' ਦੀਆਂ ਚਾਰ ਕਾਪੀਆਂ ਲਿਆਏ ਸਨ ਅਤੇ ਉਨ੍ਹਾਂ ਇਹ ਇੱਥੇ ਹਾਜ਼ਰ ਮੈਂਬਰਾਂ ਨੂੰ ਭੇਟ ਕੀਤੀਆਂ।

ਪੁਸਤਕ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਚਾਰ ਭਾਗਾਂ ਵਿਚ ਵੰਡੀ ਹੋਈ ਇਸ ਪੁਸਤਕ ਵਿੱਚ ਉਨ੍ਹਾਂ ਨੇ ਆਪਣੇ ਜੀਵਨ ਦੇ ਟੁੱਟੇ ਸੁਪਨਿਆਂ ਅਤੇ ਉਨ੍ਹਾਂ ਦੇ ਮੁੜ ਜੁੜਨ ਦੀ ਗੱਲ ਕੀਤੀ ਹੈ। ਉਨ੍ਹਾਂ ਦੱਸਿਆ ਚੰਗੇ ਨੰਬਰਾਂ ਵਿਚ ਮੈਟ੍ਰਿਕ ਕਰਨ ਤੋਂ ਬਾਅਦ ਜਦੋਂ ਉਹ 'ਪ੍ਰੈਪ ਨਾਨ-ਮੈਡੀਕਲ' (ਗਿਆਰ੍ਹਵੀਂ ਜਮਾਤ) ਵਿਚੋਂ ਫੇਲ੍ਹ ਹੋ ਗਏ ਅਤੇ ਇਸ ਦੀ ਖ਼ਬਰ ਉਨ੍ਹਾਂ ਦੇ ਇੱਕ ਦੋਸਤ ਜੋ ਆਪ ਪਾਸ ਹੋ ਗਿਆ ਸੀ, ਵੱਲੋਂ ਜੂਨ ਮਹੀਨੇ ਖੇਤਾਂ ਵਿਚ ਆਪਣੇ ਬਾਪ ਦੇ ਨਾਲ ਰੂੜੀ ਢੋਂਦਿਆਂ ਨੂੰ ਮਿਲੀ। ਇਹ ਸੁਣ ਕੇ ਉਨ੍ਹਾਂ ਦੇ ਬਾਪ ਦੀਆਂ ਅੱਖਾਂ ਵਿੱਚ ਆਏ ਹੰਝੂਆਂ ਨੇ ਉਨ੍ਹਾਂ ਨੂੰ ਝੰਜੋੜ ਕੇ ਰੱਖ ਦਿੱਤਾ। ਕਾਲਜ ਦੀ ਪੜ੍ਹਾਈ ਦਾ ਉਨ੍ਹਾਂ ਦਾ ਸੁਪਨਾ ਬੁਰੀ ਤਰ੍ਹਾਂ ਟੁੱਟ ਗਿਆ ਪਰ ਨਾਲ ਹੀ ਬਾਪ ਵੱਲੋਂ ਮਿਲੀ 'ਹੱਲਾਸ਼ੇਰੀ', "ਤੂੰ ਕਿਹੜਾ ਬੁੱਢਾ ਹੋ ਗਿਐਂ, ਅਗਲੇ ਸਾਲ ਪਾਸ ਹੋ ਜਾਈਂ" ਨੇ ਉਸ ਨੂੰ ਮੁੜ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਈ। ਅੱਗੋਂ ਬੀ.ਐੱਸ.ਸੀ. ਤੇ ਫ਼ਿਜ਼ਿਕਸ ਵਿੱਚ ਐੱਮ.ਐੱਸ.ਸੀ. ਉਨ੍ਹਾਂ ਮੈਰਿਟ ਸਕਾਲਰਸ਼ਿਪ ਨਾਲ ਕੀਤੀ। ਕਪੂਰਥਲੇ ਨਵਾਬ ਜੱਸਾ ਸਿੰਘ ਆਹਲੂਵਾਲੀਆ ਕਾਲਜ ਪੜ੍ਹਾਉਂਦਿਆਂ ਹੋਇਆਂ 'ਇਨ ਸਰਵਿਸ ਪਾਰਟ-ਟਾਈਮ' ਪੀਐੱਚ.ਡੀ.' ਕਰਕੇ ਉਨ੍ਹਾਂ ਆਪਣੇ ਬਾਪ ਦੇ ਸੁਪਨੇ ਨੂੰ ਸਾਕਾਰ ਕੀਤਾ।

ਉਨ੍ਹਾਂ ਹੋਰ ਦੱਸਿਆ ਕਿ ਭਾਰਤ ਦੀ ਕਿਸੇ ਯੂਨੀਵਰਸਿਟੀ ਯੂਨੀਵਰਸਿਟੀ ਵਿਚ ਪੜ੍ਹਾਉਣ ਦਾ ਉਨ੍ਹਾਂ ਦਾ ਸੁਪਨਾ ਉੱਥੇ ਤਾਂ ਅਧੂਰਾ ਹੀ ਰਹਿ ਗਿਆ ਪਰ ਇਹ ਅਮਰੀਕਾ ਦੀ ਕਲੀਵਲੈਂਡ ਯੂਨੀਵਰਸਿਟੀ ਵਿਚ ਜਾ ਕੇ ਪੂਰਾ ਹੋਇਆ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਅਧਿਆਪਕ ਵਜੋਂ ਆਪਣੇ ਕਰੀਅਰ ਦਾ ਆਰੰਭ ਜਦੋਂ ਗੁਰੂਸਰ ਖਾਲਸਾ ਕਾਲਜ ਸੁਧਾਰ ਵਿੱਚ ਕੀਤਾ ਤਾਂ ਰੈਗੂਲਰ ਪੱਕੀ ਨੌਕਰੀ ਲਈ ਦੋ ਸਾਲ ਦੀ ਪ੍ਰੋਬੇਸ਼ਨ ਦੇ ਆਧਾਰ ਹੋਈ ਚੋਣ ਦੇ ਬਾਵਜੂਦ ਬਿਨਾਂ ਕੋਈ ਕਾਰਨ ਦੱਸੇ ਇੱਕ ਸਾਲ ਬਾਅਦ ਉਨ੍ਹਾਂ ਨੂੰ ਤਿੰਨ ਹੋਰ ਪ੍ਰੋਫ਼ੈੱਸਰਾਂ ਸਮੇਤ ਕਾਲਜ ਦੀਆਂ ਸੇਵਾਵਾਂ ਤੋਂ ਫ਼ਾਰਗ ਕਰ ਦਿੱਤਾ ਗਿਆ ਅਤੇ ਅਗਲੇ ਸਾਲ ਸਰਕਾਰੀ ਕਾਲਜਾਂ ਲਈ ਉਨ੍ਹਾਂ ਦੀ ਚੋਣ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਵੱਲੋਂ ਮੈਰਿਟ ਦੇ ਆਧਾਰ 'ਤੇ ਹੋਈ। ਕਲੀਵਲੈਂਡ ਯੂਨੀਵਰਸਿਟੀ ਵਿਚ ਆਉਣ ਬਾਰੇ ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਇਹ ਚੋਣ ਨਿਰੋਲ ਮੈਰਿਟ ਦੇ ਆਧਾਰ 'ਤੇ ਸੀ। ਇਸ ਦੇ ਲਈ ਯੂਨੀਵਰਸਿਟੀ ਦੇ ਡੀਨ ਅਕੈਡਮਿਕਸ ਵੱਲੋਂ ਉਨ੍ਹਾਂ ਨੂੰ ਆਪਣੇ ਵੱਲੋਂ ਦਿੱਤੇ ਗਏ ਟਾਪਿਕ ਉੱਪਰ 60 ਵਿਦਿਆਰਥੀਆਂ ਦੀ ਕਲਾਸ ਅਤੇ ਫੈਕਲਟੀ ਮੈਂਬਰਾਂ ਦੇ ਸਾਹਮਣੇ ਇੱਕ ਘੰਟਾ ਲੈੱਕਚਰ ਦੇਣ ਪਿੱਛੋਂ ਵਿਦਿਆਰਥੀਆਂ ਤੇ ਫੈਕਲਟੀ ਮੈਂਬਰਾਂ ਵੱਲੋਂ ਉਸ ਦੀ ਕੀਤੀ ਗਈ 'ਇਵੈਲਿਊਏਸ਼ਨ' ਤੋਂ ਬਾਅਦ ਕੀਤੀ ਗਈ। ਇਸ ਤੋਂ ਪਹਿਲਾਂ ਉਨ੍ਹਾਂ ਕੈਨੇਡਾ ਵਿਚ 'ਪਰਵਾਸੀ' ਤੇ 'ਕੈਨੇਡੀਅਨ ਪੰਜਾਬੀ ਪੋਸਟ' ਅਖ਼ਬਾਰਾਂ ਵਿਚ ਕੀਤੇ ਗਏ ਕੰਮ ਕਰਨ ਦਾ ਵੀ ਬਾਖ਼ੂਬੀ ਜ਼ਿਕਰ ਕੀਤਾ ਅਤੇ ਹਾਜ਼ਰੀਨ ਦੀ ਫ਼ਰਮਾਇਸ਼ 'ਤੇ ਬਾਪ ਦੇ ਅਣਮੁੱਲੇ ਤੇ ਅਣਤੋਲੇ ਤੇ ਪਿਆਰ ਨਾਲ ਲਬਰੇਜ਼ ਆਪਣੀਆਂ ਦੋ ਪੁਰਾਣੀਆਂ ਕਵਿਤਾਵਾਂ ਸੁਣਾਈਆਂ ਜਿਨ੍ਹਾਂ ਨੇ ਸਾਰਿਆਂ ਨੂੰ ਭਾਵੁਕ ਕਰ ਦਿੱਤਾ। ਇਸ ਦੌਰਾਨ ਉਨ੍ਹਾਂ ਆਪਣੀ ਇੱਕ ਨਵੀਂ ਕਵਿਤਾ ਵੀ ਪੇਸ਼ ਕੀਤੀ। ਇਸ ਮੌਕੇ ਉਨ੍ਹਾਂ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਯਾਦਗਾਰੀ ਤੋਹਫ਼ੇ ਨਾਲ ਸਨਮਾਨਿਤ ਵੀ ਕੀਤਾ ਗਿਆ।



ਹਾਜ਼ਰ ਮੈਂਬਰਾਂ ਵੱਲੋਂ ਵੀ ਇਸ ਮੌਕੇ ਆਪਣੀਆਂ ਕਵਿਤਾਵਾਂ ਤੇ ਗੀਤ ਸਾਂਝੇ ਕੀਤੇ ਗਏ। ਸਭਾ ਦੇ ਮੈਂਬਰਾਂ ਵਿਚ ਇਸ ਦੇ ਸਰਪ੍ਰਸਤ ਬਲਰਾਜ ਚੀਮਾ, ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ, ਮਲੂਕ ਸਿੰਘ ਕਾਹਲੋਂ, ਸੁਖਦੇਵ ਸਿੰਘ ਝੰਡ, ਇਕਬਾਲ ਬਰਾੜ, ਪਰਮਜੀਤ ਢਿੱਲੋਂ, ਪਰਮਜੀਤ ਸਿੰਘ ਗਿੱਲ, ਮਕਸੂਦ ਚੌਧਰੀ, ਜਗਮੋਹਨ ਸਿੰਘ ਸੰਘਾ ਤੇ ਜੱਸੀ ਭੁੱਲਰ ਸ਼ਾਮਲ ਸਨ। ਸਭਾ ਦੇ ਕਨਵੀਨਰ ਤਲਵਿੰਦਰ ਮੰਡ ਕਿਸੇ ਜ਼ਰੂਰੀ ਪਰਿਵਾਰਿਕ ਰੁਝੇਵੇਂ ਕਾਰਨ ਹਾਜ਼ਰ ਨਾ ਹੋ ਸਕੇ। 'ਕਲਮਾਂ ਦਾ ਕਾਫ਼ਲਾ' ਦੇ ਸਰਗ਼ਰਮ ਮੈਂਬਰ ਕੁਲਵਿੰਦਰ ਖਹਿਰਾ ਨੇ ਕਾਰਜਕਾਰਨੀ ਦੀ ਇਸ ਛੋਟੀ ਜਿਹੀ ਮੀਟਿੰਗ ਵਿਚ ਵਿਸ਼ੇਸ਼ ਸ਼ਿਰਕਤ ਕੀਤੀ।




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜ਼ਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664












# ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਬਣੇ ਗੁਰਦਵਾਰੇ

## ਅਯੁਧਿਆ ਵਿਚ ਗੁਰੂ ਸਾਹਿਬਾਨ ਦੀਆਂ ਯਾਦਾਂ



ਇਕਬਾਲ ਸਿੰਘ ਲਾਲਪੁਰਾ
ਚੈਅਰਮੈਨ, ਘੱਟ ਗਿਣਤੀ ਕਮਿਸ਼ਨ,
ਭਾਰਤ ਸਰਕਾਰ

ਭਾਰਤ ਇੱਕ ਪੁਰਾਣੀ ਸਭਿਅਤਾ ਹੈ,ਇਸ ਦੇ ਲੋਕਾਂ ਦੇ ਚਰਿਤਰ ਤੇ ਅਨੁਸ਼ਾਸ਼ਨ ਦੀ ਗੱਲ ਕਰਦੇ ਹਾਂ ਤਾ ਕੇਵਲ ਤੇ ਕੇਵਲ ਭਗਵਾਨ ਰਾਮ ਚੰਦਰ ਦਾ ਨਾਮ ਹੀ ਆਉਂਦਾ ਹੈ, ਜਿਨਾਂ ਨੂੰ ਮਰਿਆਦਾ ਪੁਰਸ਼ੋਤਮ ਆਖ ਕੇ ਵੀ ਯਾਦ ਕੀਤਾ ਜਾਂਦਾ ਹੈ। ਭਗਵਾਨ ਰਾਮ ਇੱਕ ਆਦਰਸ਼ ਆਗਿਆਕਾਰੀ ਪੁੱਤਰ, ਭਾਈ ਅਤੇ ਰਾਜਾ ਸਨ। ਇਥੋਂ ਤੱਕ ਕਿ ਓਹ ਆਪਣੇ ਦੁਸ਼ਮਣ ਤੱਕ ਦੀ ਵਿੱਦਿਆ ਅਤੇ ਹੁਨਰ ਦੀ ਕਦਰ ਵੀ ਕਰਦੇ ਸਨ। ਇੱਕ ਰਾਜਾ ਦੇ ਰੂਪ ਵਿੱਚ ਓਹਨਾਂ ਦਾ ਰਾਜ ਪੂਰਨ ਸ਼ਾਂਤੀ ਤੇ ਵਿਕਾਸ ਦਾ ਮਾਰਗ ਦਰਸ਼ਕ ਹੈ। ਚੱਕਰਵਰਤੀ ਰਾਜਾ ਰਾਮ ਚੰਦਰ ਨੂੰ ਵਿਸ਼ਵ ਵਿਜੇਤਾ ਵੀ ਮੰਨਿਆ ਜਾਂਦਾ ਹੈ। ਇਸੇ ਲਈ 20ਵੀ ਸਦੀ ਦੇ ਸ਼ਾਇਰ ,ਅਲਾਮਾ ਮੁਹੱਮਦ ਇਕਬਾਲ ਨੇ ਆਖਿਆ ਹੈ. "ਹੈ ਰਾਮ ਕੇ ਵਜੂਦ ਸੇ ਹਿੰਦੁਸਤਾਨ ਕੋ ਨਾਜ । ਜੇਕਰ ਕੌਮ ਤੇ ਧਰਮ ਲਈ ਕੁਰਬਾਨੀ ਦੀ ਗੱਲ ਹੋਵੇ , ਤਾਂ ਸਿੱਖ ਗੁਰੂ ਸਾਹਿਬਾਨ ਦਾ ਕੋਈ ਸਾਨੀ ਨਜ਼ਰ ਨਹੀਂ ਆਉਂਦਾ । ਹਲਕਿਆਂ ਹਲੀਮੀ ਰਾਜ ਸੰਕਲਪ ਵੀ ਇੱਕ ਆਦਰਸ਼ ਰਾਜ ਦਾ ਰਾਹ ਦਸੇਰਾ ਹੈ । ਮਹਾਰਾਜਾ ਰਣਜੀਤ ਸਿੰਘ ਨੇ ਇਸ ਨੂੰ ਅਮਨ , ਸ਼ਾਂਤੀ , ਨਿਆਂ, ਵਿਕਾਸ , ਸੁਰੱਖਿਆ ਤੇ ਮਜ਼ਬੂਤ ਸਮਾਜਿਕ ਭਾਈਚਾਰੇ ਦੇ ਆਦਰਸ਼ ਵਜੋ ਪਰਗਟ ਕੀਤਾ ।

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੌਰਾਨ ,ਸਭ ਧਰਮ ਸਥਾਨਾਂ ਦੀ ਯਾਤਰਾ ਕੀਤੀ, ਭਾਈ ਗੁਰਦਾਸ ਲਿਖਦੇ ਹਨ, "ਬਾਬਾ ਆਇਆ ਤੀਰਥੀਂ, ਤੀਰਥ ਪੁਰਬ ਸਭੈ ਫਿਰ ਦੇਖੈ॥ ਪੂਰਬ ਧਰਮ ਬਹੁ ਕਰਮ ਕਰ ਭਾਉ ਭਗਤਿ ਬਿਨ ਕਿਤੇ ਨ ਲੇਖੈ॥"
ਇਤਿਹਾਸਕਾਰ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ 1510-11 ਈ. ਵਿੱਚ ਅਯੋਧਿਆ ਵੀ ਪਧਾਰੇ ਸਨ। ਗੁਰੂ ਨਾਨਕ ਦੇਵ ਜੀ ਜਿੱਥੇ ਵੀ ਗਏ, ਉਥੋਂ ਦੇ ਧਾਰਮਿਕ ਵਿਅਕਤੀਆਂ ਤੇ ਆਮ ਲੋਕਾਂ ਨਾਲ ਸੰਵਾਦ ਰਚਾਇਆ। ਇਸੇ ਹੀ ਤਰਜ਼ ਤੇ ਅਯੋਧਿਆ ਦੇ ਮੰਦਿਰ ਦੇ ਪੁਜਾਰੀਆਂ ਨਾਲ ਵੀ ਸੰਵਾਦ ਗੁਰੂ ਸਾਹਿਬ ਨੇ ਕੀਤਾ । ਜੋ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਅਯੋਧਿਆ ਵਿੱਚ ਉਦੋਂ ਰਾਮ ਮੰਦਿਰ ਮੌਜੂਦ ਸੀ। ਗੁਰੂ ਸਾਹਿਬ ਦੀ ਅਯੋਧਿਆ ਫੇਰੀ ਬਾਰੇ, ਮਹਾਨਕੋਸ਼ ਵਿਚ ਭਾਈ ਕਾਹਨ ਸਿੰਘ ਨਾਭਾ ਨੇ ਇਸ ਤਰ੍ਹਾਂ ਲਿਖਿਆ ਹੈ- "ਯੂ ਪੀ ਵਿੱਚ ਫੈਜਾਬਾਦ ਜ਼ਲ੍ਹਿ ਦੀ ਸੁਰਜੂ (ਸਰਯੂ) ਨਦੀ ਦੇ ਕਿਨਾਰੇ ਕੌਸ਼ਲ ਦੇਸ਼ ਦੀ ਪ੍ਰਧਾਨ ਪੂਰੀ, ਜਿਸ ਦੀ ਹਿੰਦੂਆਂ ਦੀਆਂ ਸੱਤ ਪਵਿੱਤਰ ਪੂਰੀਆਂ ਵਿੱਚ ਗਿਣਤੀ ਹੈ, ਅਤੇ ਰਾਮ ਚੰਦਰ ਜੀ ਦਾ ਜਨਮ ਇਸੇ ਥਾਂ ਹੋਇਆ ਹੈ, ਇਹ ਸੂਰਯਵੰਸ਼ੀ ਰਾਜਿਆ ਦੀ ਚਿਰ ਤੀਕ ਰਾਜਧਾਨੀ ਰਹੀਂ ਹੈ। ਵਾਲਮੀਕ ਨੇ ਲਿਖਿਆ ਹੈ ਕਿ ਅਯੋਧਿਆ ਵੈਸ਼ਵ ਮਨੂ ਨੇ ਵਸਾਈ ਸੀ, ਅਤੇ ਇਸ ਦੀ ਲੰਬਾਈ 12 ਯੋਜਨ ਅਤੇ ਚੌੜਾਈ 2 ਯੋਜਨ ਦੱਸੀ ਹੈ, ਇਸ ਨਗਰੀ ਵਿੱਚ ਤਿੰਨ ਗੁਰਦੁਆਰੇ ਹਨ।
1. ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੋ ਹੁਣ ਪ੍ਰਸਿੱਧ ਨਹੀਂ 2. ਸਰਿਓ ਦੇ ਕਿਨਾਰੇ ਰਾਜਾ ਦਸ਼ਰਥ ਦੀ ਸਮਾਧ ਦੇ ਪਾਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 3. ਵਿਭੂਸ਼ਣ ਕੁੰਡ ਪਾਸ ਦਸਵੇਂ ਗੁਰੂ ਸਾਹਿਬ ਜੀ ਦਾ। ਕਲਗੀਧਰ ਪਟਨੇ ਤੋਂ ਪੰਜਾਬ ਨੂੰ ਆਉਂਦੇ ਇੱਥੇ ਵੀਰਾਜੇ ਸਨ। ਬਰਹਮ ਕੁੰਡ ਘਾਟ ਦਾ ਅਸਲੀ ਨਾਮ ਤੀਰਥ ਰਾਜ ਘਾਟ ਹੈ ,ਬ੍ਰਹਮਾ ਜੀ ਦੇ ਤਪ ਕਰਨ ਤੇ ਨਾਮ ਬਦਲ ਗਿਆ ਹੈ"।
ਭਾਈ ਧੰਨਾ ਸਿੰਘ ਚਹਿਲ ਦੀ ਪੁਸਤਕ 'ਸਾਇਕਲ ਯਾਤਰਾ' ਦੇ ਪੰਨਾ ਨੰਬਰ 131 ਤੇ ਮਿਤੀ 5 ਅਪ੍ਰੈਲ 1931 ਨੂੰ ਆਪਣੇ ਅਯੋਧਿਆ ਪੁਜਣ ਤੇ ਉਥੋਂ ਦੇ ਸਿੱਖ ਗੁਰਦਵਾਰਾ ਸਾਹਿਬਾਨ ਦੇ ਇਤਿਹਾਸ ਤੇ ਮੌਜੂਦਾ ਹਾਲਾਤਾਂ ਬਾਰੇ ਇਸ ਤਰ੍ਹਾਂ ਦਰਜ ਕੀਤਾ ਹੈ,- " ਇਸ ਸ਼ਹਿਰ ਵਿਖੇ 9 ਇਤਿਹਾਸਿਕ ਗੁਰਦੁਆਰੇ ਹਨ ,ਜਿਹਨਾਂ ਵਿਚੋ ਚਾਰ ਗੁਰਦੁਆਰੇ ਸਿੱਖਾਂ ਦੇ ਪਾਸ ਹਨ। ਤਿੰਨ ਗੁਰਦੁਆਰੇ ਬ੍ਰਹਮਕੁੰਡ ਘਾਟ ਦਰੀਆ ਸੁਰਜੂ ਦੇ ਕੰਢੇ ਤੇ ਹਨ। ਜੋ ਇੱਕ ਦਸਵੇਂ ਪਾਤਸ਼ਾਹ ਜੀ ਦਾ ਹੈ ਉਹ ਬਹੁਤ ਅੱਛਾ ਬਣਿਆ ਹੋਇਆ ਹੈ। ਉਸਦੇ ਪਾਸ ਹੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤੇ ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਦੋ ਮੰਜੀਆਂ ਸਾਹਿਬ ਤੇ ਨਿਸ਼ਾਨ ਸਾਹਿਬ ਝੂਲ ਰਹੇ ਹਨ। ਇਹਨਾਂ ਤਿੰਨਾਂ ਗੁਰਦਵਾਰਿਆਂ ਦਾ ਮਹੰਤ ਜਸਵੰਤ ਸਿੰਘ ਹੈ ਇਸ ਜਗਾ ਪਹਿਲੀ ਪਾਤਸ਼ਾਹੀ ਜੀ ਪੰਜਾਬ ਤੋਂ ਆਉਂਦੇ ਹੋਏ ਠਹਿਰੇ ਸਨ। ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਪੰਜਾਬ ਨੂੰ ਜਾਂਦੇ ਹੋਏ ਠਹਿਰੇ ਸਨ। ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਪੰਜਾਬ ਨੂੰ ਜਾਂਦੇ ਠਹਿਰੇ ਸਨ ਜਦੋ ਕਿ ਪੰਜ ਛੇ ਸਾਲ ਦੀ ਉਮਰ ਸੀ। ਦਸਮ ਪਿਤਾ ਜੀ ਦੇ ਸਥਾਨ ਤੇ ਲੰਗਰ ਤੇ ਰਿਹਾਇਸ਼ ਹੈ। ਜਮੀਨ 400 ਬਿੱਗਾ ਦੇ ਕਰੀਬ ਹੈ ਜੋ ਕਿ ਸਾਰਾ ਪਿੰਡ ਚੱਕਰੀ ਪਰੋਆ ਹੀ ਹੈ ਇਹ ਪਿੰਡ ਜਿਲਾ ਗੋਂਡੇ ਵਿਖੇ ਹੈ ਜੋ ਕਿ ਅਜੂਦੀਆ ਤੇ ਉੱਤਰ ਦੀ ਤਰਫ 10/12 ਮੀਲ ਤੇ ਹੈ ਗੁਰਦੁਆਰੇ ਦੇ ਪਿੰਡ। ਇਹ ਗੁਰਦੁਆਰੇ ਤਿੰਨੋਂ ਬ੍ਰਹਮ ਕੁੰਡ ਦੇ ਨਾਮ ਪੁਰ ਮਸ਼ਾਹੂਰ ਹੈ। ਬਰਹਮ ਕੁੰਡ ਦਾ ਨਾਮ ਪਿਆ ਹੈ ਕਿ ਇਸ ਜਗਾ ਬ੍ਰਹਮਾ ਜੀ ਨੇ ਬੈਠ ਕੇ ਤਪ ਕੀਤਾ ਸੀ ਜੋ ਕਿ ਹੁਣ ਤੱਕ ਬਰਹਮ ਕੁੰਡ ਨਾਮ ਨਾਲ ਮਸ਼ਹੂਰ ਹੈ। ਚੌਥਾ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੈ ਜੋ ਕਿ ਨਜ਼ਰ ਬਾਗ ਦੇ ਨਾਮ ਪਰ ਮਸ਼ਹੂਰ ਹੈ ,ਇਸ ਨੂੰ ਜਮੀਨ ਨਹੀਂ ਹੈ, ਸ਼ਾਇਦ ਪਹਿਲੇ ਹੁੰਦੀ ਹੋਵੇ ਤੇ ਆਲੇ ਦੁਆਲੇ ਗੁਰਦੁਆਰੇ ਦੀ ਜਮੀਨ ਸੀ ਤੇ ਬਾਗ ਸੀ ਜੋ ਕਿ ਮਹੰਤ ਜੀ ਠਠਿਆਰੇ ਲੋਕਾਂ ਨੂੰ ਵੇਚ ਖਾਧੀ ਹੈ ਤੇ ਰੁੱਪਈਆ ਬੈਂਕ ਵਿਖੇ ਜਮਾ ਕਰਾ ਦਿੱਤਾ ਹੈ। ਜਿਸ ਦੇ ਸੂਦ(ਵਿਆਜ) ਨਾਲ ਅੱਜ ਕੱਲ ਗੁਜ਼ਾਰਾ ਕਰਦਾ ਹੈ। ਗੁਰੂ ਕੇ ਬਾਗ ਵਿੱਚ ਤੇ ਜਮੀਨ ਵਿੱਚ ਅੱਜ ਠਠਿਆਰੇ ਲੋਕਾਂ ਨੇ ਮਕਾਨ ਪਾ ਰੱਖੇ ਹਨ ਤੇ ਮੰਦਰ ਬਣਾ ਰੱਖੇ ਹਨ ਜੋ ਕਿ ਅੱਜ ਕੱਲ ਗੁਰਦੁਆਰੇ ਦੀ ਜਗ੍ਹਾ ਬਹੁਤ ਥੋੜੀ ਰਹਿ ਗਈ ਹੈ। ਹੋਰ ਸਭ ਮਹੰਤ ਹੜਪ ਕਰ ਚੁੱਕੇ ਹਨ ਤੇ ਮਹੰਤ ਜੀ ਦਾ ਨਾਮ ਪਵਿੱਤਰ ਬਾਬਾ ਆਤਮਾ ਸਿੰਘ ਜੀ ਹੈ ਜੋ ਕਿ ਉਮਰ 70 ਸਾਲ ਦੀ ਹੈ ਜੋ ਕਿ ਸਾਰੀ ਇਹਨਾਂ ਦੀ ਹੀ ਕਿਰਪਾ ਹੈ। ਇਸ ਜਗਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਰਾਮ ਮੰਦਿਰ ਚਰਨ ਦੇ ਪ੍ਰਗਟ ਹੋਣੇ ਦੀ ਭਾਈ ਮਰਦਾਨੇ ਨੂੰ ਸਾਖੀ ਸੁਣਾਈ ਸੀ। ਇਹ ਚਾਰੋਂ ਗੁਰਦੁਆਰੇ ਤਾਂ ਸਿੱਖਾਂ ਪਾਸ ਹਨ ਬਾਕੀ ਤਿੰਨ ਗੁਰਦੁਆਰੇ ਸਾਧਾਂ ਪਾਸ ਹਨ, ਜਿਹਾ ਕੀ ਪਹਿਲਾਂ ਦਸਮ ਪਿਤਾ ਜੀ ਦਾ ਗੁਰਦੁਆਰਾ ਹਨੁਮਾਨਗੜੀ ਬੈਰਾਗੀਆਂ ਸੰਤਾਂ ਪਾਸ ਹੈ। ਜਿਸ ਵਕਤ ਦਸਮ ਪਿਤਾ ਜੀ ਇਸ ਜਗਾ ਪਹੁੰਚੇ ਸਨ ਤਾਂ ਸਾਰੇ ਬਾਂਦਰ ਦਸਮ ਪਿਤਾ ਜੀ ਨੂੰ ਸ੍ਰੀ ਰਾਮ ਜੀ ਸਮਝ ਕੇ ਆਲੇ ਦੁਆਲੇ ਇਕੱਠੇ ਹੋ ਗਏ ਸਨ ਤੇ ਚਰਨਾਂ ਤੇ ਆ ਆ ਕੇ ਮੱਥਾ ਟੇਕਦੇ ਸਨ। ਦੂਸਰਾ ਗੁਰਦੁਆਰਾ ਵਸ਼ਿਸ਼ਟ ਕੁੰਡ ਦੇ ਪਾਸ ਹੈ ਜੋ ਕਿ ਇਹ ਵੀ ਦਸਮ ਪਿਤਾ ਜੀ ਦਾ ਹੈ ਇਸ ਜਗ੍ਹਾ ਗੁਰੂ ਜੀ ਨੇ ਪਹਿਲੇ ਪਟਨਾ ਸਾਹਿਬ ਜੀ ਤੋਂ ਆ ਕੇ ਆਸਨ ਲਾਇਆ ਸੀ ਇਹ ਵੀ ਵ੍ਰਿੰਦਾ ਵਣੀ ਪੰਥ ਵਾਲਿਆਂ ਦੇ ਪਾਸ ਹੈ। ਤੀਸਰਾ ਗੁਰਦੁਆਰਾ ਦਸਮ ਪਿਤਾ ਜੀ ਦਾ ਹੈ ਜੋ ਕਿ ਸਵਰ ਦੁਆਰੀ ਘਾਟ ਉਥੇ ਹੈ ਇਸ ਜਗ੍ਹਾ ਪਿਤਾ ਜੀ ਨੇ ਅਸਥਾਨ ਕੀਤਾ ਸੀ ਤੇ ਉਸ ਜਗ੍ਹਾ ਅੱਜ ਕੱਲ ਗੁਰਦੁਆਰਾ ਹੈ ਜੋ ਕਿ ਜਮੀਨ ਵੀ ਬਹੁਤ ਹੈ ਜੋ ਕਿ ਉਦਾਸੀ ਸੰਤਾਂ ਦਾ ਕਬਜ਼ਾ ਹੈ। ਇਹ ਤਿੰਨ ਗੁਰਦੁਆਰਿਆਂ ਦਾ ਕਬਜਾ ਸੰਤਾ ਪਾਸ ਹੈ ਤੇ ਦੋ ਗੁਰਦੁਆਰੇ ਗੁਪਤ ਹਨ ਜੋ ਕਿ ਇਹ ਹੈ। ਦੂਸਰਾ ਸ਼ਹਿਰ ਅਯੁੱਧਿਆ ਤੋਂ 10 ਮੀਲ ਤੇ ਪੂਰਬ ਵੱਲ ਹੈ ਜੋ ਕਿ ਸੂਰਜੂ ਕੁੰਡ ਦੇ ਪਾਸ ਹੀ ਰਸਤਾ ਜਾਂਦਾ ਹੈ। ਜੋ ਬਿਲਹਾਰ ਘਾਟ ਦੇ ਨਾਮਪੁਰ ਮਸ਼ਹੂਰ ਹੈ ਇਸੀ ਜਗਾ ਹੀ ਰਾਜਾ ਦਸ਼ਰਥ ਜੀ ਦਾ ਸੰਸਕਾਰ ਹੋਇਆ ਸੀ ਇਸੀ ਜਗ੍ਹਾ ਨੌਵੇ ਪਾਤਸ਼ਾਹ ਜੀ ਆਏ ਸਨ ਤੇ ਜਗ੍ਹਾ ਗੁਪਤ ਹੈ ਇਹ ਗੁਰਦੁਆਰੇ ਸ਼ਹਿਰ ਅਯੋਧਿਆ ਵਿਖੇ ਹੈ ਜੋ ਕਿ ਚਾਰ ਗੁਰਦੁਆਰੇ ਸਿੱਖਾ ਪਾਸ ਤੇ ਤਿੰਨ ਸੰਤਾਂ ਪਾਸ ਤੇ ਦੋ ਗੁਪਤ ਹਨ। ਕੁੱਲ ਨੌ ਸਥਾਨ ਹਨ। ਇਸ ਸ਼ਹਿਰ ਵਿਖੇ ਅਯੋਧਿਆ ਵਿਖੇ ਸ੍ਰੀ ਰਾਮ ਚੰਦਰ ਜੀ ਦਾ ਜਨਮ ਸਥਾਨ ਹੈ ਤੇ ਬ੍ਰਹਮ ਕੁੰਡ ਵਸ਼ਿਸ਼ਟ ਕੁੰਡ, ਸੂਰਜ ਕੁੰਡ, ਹਨੁਮਾਨਗੜੀ, ਸੀਤਾ ਜੀ ਦੀ ਰਸੋਈ, ਇਤਿਹਾਸਿਕ ਦੇਵਤਿਆਂ ਦੇ ਬਹੁਤੇ ਸਾਰੇ ਮੰਦਰ ਹਨ"।
ਸ਼੍ਰੀ ਦਸਮ ਗ੍ਰੰਥ ਸਾਹਿਬ ਵਿਚ ਰਾਮ ਅਵਤਾਰ ਰਾਹੀਂ ਪੂਰੀ ਕਥਾ ਦਰਜ ਕੀਤੀ ਗਈ ਹੈ ।

16 ਵੀ ਸਦੀ ਵਿੱਚ ਰਾਮ ਮੰਦਿਰ ਨੂੰ ਢਾਉਣ ਦਾ ਦੋਸ਼ ਮੁਗਲ ਬਾਦਸ਼ਾਹ ਬਾਬਰ ਦੇ ਸਿਰ ਆਉਂਦਾ ਹੈ ,ਬਾਬਰ ਤਾਸ਼ਕੰਦ ਤੋਂ ਆਇਆ ਹਮਲਾਵਰ ਸੀ ,ਜਿਸਨੇ ਇਬਰਾਹਿਮ ਖਾਨ ਲੋਧੀ ਨੂੰ ਹਰਾ ਕੇ 20 ਅਪ੍ਰੈਲ 1526 ਵਿੱਚ ਭਾਰਤ ਤੇ ਕਬਜ਼ਾ ਕੀਤਾ ਸੀ। ਇਤਿਹਾਸਕਾਰਾਂ ਅਨੁਸਾਰ ਬਾਬਰ ਨੇ ਆਪਨੀ ਫੌਜ ਦੇ ਕਮਾਂਡਰ ਮੀਰ ਬਾਕੀ ਰਾਹੀ 1528 ਈਸਵੀ ਵਿੱਚ ਰਾਮ ਮੰਦਿਰ ਵਾਲੀ ਜਗ੍ਹਾ ਤੇ ਮਸਜਿਦ ਦੀ ਉਸਾਰੀ ਆਰੰਭ ਕਰਵਾਈ ਸੀ।
ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ 1858 ਈਸਵੀ ਵਿੱਚ ਇੱਕ ਨਿਹੰਗ ਸਿੰਘਾਂ ਦਾ ਜਥਾ , ਜਿਸ ਦਾ ਮੁਖੀ ਫਕੀਰ ਸਿੰਘ ਸੀ, ਨੇ ਵਿਵਾਦਿਤ ਬਾਬਰੀ ਮਸਜਿਦ ਅੰਦਰ ਇੱਕ ਮੂਰਤੀ ਬਣਾ ਕੇ ਪੂਜਾ ਤੇ ਹਵਨ ਆਰੰਭ ਕਰ ਦਿੱਤਾ ਸੀ ,ਜਿਸ ਕਾਰਨ ਉਸ ਵਕਤ ਦੀ ਪੁਲਿਸ ਨੇ ਉਸ ਦੇ ਖਿਲਾਫ ਮੁਕਦਮਾ ਵੀ ਦਰਜ ਕੀਤਾ ਸੀ।
ਇਸ ਤਰ੍ਹਾਂ ਭਾਰਤ ਦੀ ਇਸ ਇਤਿਹਾਸਿਕ ਧਰੋਹਰ ਨੂੰ ਬਚਾਉਣ ਲਈ ,ਸਿੱਖਾਂ ਦੇ ਉਸ ਵਕਤ ਦੇ ਆਗੂਆਂ ਨੇ ਉੱਦਮ ਕੀਤਾ ਸੀ।
ਸੰਸਾਰਿਕ ਅਦਾਲਤਾਂ ਜਵਾਨੀ , ਲਿਖਤੀ ਤੇ ਇਤਿਹਾਸਕ ਗਵਾਹੀਆਂ ਦੀ ਮੰਗ ਕਰਦੀਆਂ ਹਨ ।ਰਾਮ ਮੰਦਿਰ ਤੇ ਬਾਬਰੀ ਮਸਜਿਦ ਵਿਵਾਦ ਦਾ ਫੈਸਲਾ ਕਰਦੇ ਸਮੇਂ ਵੀ ਮਾਨਯੋਗ ਅਦਾਲਤਾਂ ਨੇ 1510 ਤੱਕ ਅਯੁਧਿਆ ਵਿੱਚ ਰਾਮ ਮੰਦਿਰ ਦੇ ਹੋਣ ਬਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ 1510 - 11 ਈ ਵਿੱਚ ਅਯੁਧਿਆ ਆਗਮਨ ਤੇ ਪੁਜਾਰੀਆਂ ਨਾਲ ਸੰਬਾਦ ਨੂੰ ਇੱਕ ਸਬੂਤ ਪ੍ਰਵਾਨ ਕਰ ਕੇ ਫੈਸਲਾ ਕੀਤਾ ਕਿ ਉਸ ਸਮੇਂ ਤੱਕ ਰਾਮ ਮੰਦਿਰ ਮੌਜੂਦ ਸੀ ਤੇ ਮੀਰ ਬਾਕੀ ਵੱਲੋਂ 1528 ਈ ਵਿੱਚ ਮਸਜਿਦ ਬਣਾਉਣ ਵਿੱਚ ਕੇਵਲ 17/18 ਸਾਲ ਦਾ ਸਮਾਂ ਹੈ ਤੇ ਰਾਮ ਮੰਦਿਰ ਨਾ ਹੋਣ ਦਾ ਤਰਕ ਅਧਾਰ ਹੀਨ ਹੈ।

ਇੱਕ ਹੋਰ ਗੱਲ ਵੀ ਵਿਚਾਰਨ ਯੋਗ ਹੈ ਕਿ ਅਲੀਗੜ੍ਹ ਵਿਖੇ , ਕਿਸੇ ਕਾਰਨਾਂ ਤੋਂ ਲੱਗਭਗ 12 ਸਾਲ ਤੋਂ ਵੀ ਵੱਧ ਸਮੇ 1924 ਤੋਂ ਲੈ ਕੇ1936 ਤੱਕ ਰਾਮਮੀਲਾ ਨਹੀਂ ਹੋਈ ਸੀ, ਕਿਉਂਕੀ ਉੱਥੇ ਦੀ ਬਹੁ ਗਿਣਤੀ ਭਾਈ ਚਾਰੇ ਦੇ ਲੋਕ ਹਿੰਦੂਆਂ ਨੂੰ ਰਾਮ ਲੀਲਾ ਨਹੀ ਕਰਨ ਦਿੰਦੇ । ਉਸ ਸਮੇ ਅਲੀਗੜ ਦੇ ਸਿੱਖ ਆਗੂ ਸਰਦਾਰ ਜਗਤ ਸਿੰਘ , ਗਿਆਨੀ ਸਾਧੂ ਸਿੰਘ ਇੰਚਾਰਜ ਸਿੱਖ ਮਿਸ਼ਨ ਅਲੀਗੜ ਆਦਿ ਨੇ ਇਹ ਫੈਸਲਾ ਕੀਤਾ ਕਿ ਰਾਮ ਲੀਲਾ ਕਮੇਟੀ ਦੀ ਮਦਦ ਕਰਨ ਨਾਲ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਵਿੱਚ ਵੱਡੀ ਮਦਦ ਮਿਲੇਗੀ। ਇਸ ਨੂੰ ਅੱਗੇ ਰੱਖ ਸ੍ਰੀ ਜਵਾਲਾ ਪ੍ਰਸ਼ਾਦ , ਰਾਇ ਬਹਾਦੁਰ ਮੋਹਨ ਲਾਲ ਆਦਿ ਦੀ ਮਦਦ ਲਈ ,ਬੇਨਤੀ ਪ੍ਰਵਾਨ ਕੀਤੀ ।ਇਸ ਤਰਾਂ ਸਰਦਾਰ ਜਗਤ ਸਿੰਘ , ਗਿਆਨੀ ਸਾਧੂ ਸਿੰਘ ਆਦਿ ਸਿੱਖ ਆਗੂਆਂ ਨੇ ਅੱਗੇ ਲੱਗ ਕੇ 1000 ਤੋਂ ਵੱਧ ਸਿੱਖਾਂ ਨੇ ਸੁਰੱਖਿਆ ਦੇ ਕੇ ਸ਼ੋਭਾ ਯਾਤਰਾ ਕਢਵਾਈ ਤੇ ਅਲੀਗੜ ਵਿੱਚ ਰਾਮ ਲੀਲਾ 12 ਸਾਲ ਬਾਅਦ ਮੁੜ ਅਰੰਭ ਕਰਵਾਈ ਸੀ ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਅੱਜ ਤੱਕ ਸਿੱਖ ਪੰਥ ਤੇ ਖਾਲਸਾ , ਆਪਣੀ ਅਜ਼ਾਦ ਹਸਤੀ ਬਰਕਰਾਰ ਰੱਖਦਾ ਹੋਇਆ , ਹਰ ਮਜ਼ਲੂਮ ਨਾਲ ਖੜਾ ਹੋ, ਜਾਵਰ ਨਾਲ ਲੜਿਆ ਹੈ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਇਹ ਆਦੇਸ਼ "ਸ਼ਸਤਰ ਗਰੀਬ ਕੀ ਰੱਖਿਆ ਅਤੇ ਜਰਬਾਨੇ ਕੀ ਭੱਖਿਆ " ਹਮੇਸ਼ਾ ਕੌਮ ਨੂੰ ਗਰੀਬ ਦੀ ਰੱਖਿਆ ਦੀ ਪ੍ਰੇਰਨਾ ਦਿੰਦਾ ਹੈ।
ਅਲੀਗੜ ਦੀ ਇਸ ਸਹਾਇਤਾ ਤੋਂ ਬਾਅਦ ਹੀ ਪੰਡਿਤ ਮਦਨ ਮੋਹਨ ਵਾਲਵੀਆ ਜੀ ਅਤੇ ਸੁਆਮੀ ਸ਼ੰਕਰਾਚਾਰਿਆ ਜੀ ਨੇ ਸ੍ਰੀ ਅਕਾਲ ਤਖਤ ਸਾਹਿਬ ਜੀ ਵਿਚ ਹਾਜ਼ਰ ਹੋ , ਭਰੇ ਦੀਵਾਨ ਵਿੱਚ ਐਲਾਨ ਕੀਤਾ ਸੀ ,ਕਿ ਹਰੇਕ ਹਿੰਦੂ ਨੂੰ ,ਆਪਣਾ ਇੱਕ ਲੜਕਾ ਸਿੰਘ ਸਜਾਉਣਾ ਚਾਹੀਦਾ ਹੈ ,ਫਿਰ ਭਾਰਤਵਾਸੀ ਹਿੰਦੂਆਂ ਦਾ ਹਰ ਪਹਿਲੂ ਵਿੱਚ ਕਲਿਆਣ ਹੋ ਜਾਵੇਗਾ।
ਸਵਾਮੀ ਵਿਵੇਕਾ ਨੰਦ ਜੀ ਵੀ ਹਰ ਭਾਰਤੀ ਨੂੰ ਗੁਰੂ ਗੋਬਿੰਦ ਸਿੰਘ ਦੇ ਪੁੱਤਰ ਬਨਣ ਦੀ ਗੱਲ ਆਖਦੇ ਸਨ ।
ਬਾਬਰ ਆਪਣੇ ਆਪ ਨੂੰ ਕਦੇ ਵੀ ਭਾਰਤੀ ਨਹੀਂ ਸੀ ਮੰਨਦਾ ਅਤੇ ਨਾ ਹੀ ਮਰ ਕੇ ਭਾਰਤ ਵਿੱਚ ਸਪੁਰਦੇ ਖਾਕ ਹੋਣਾ ਚਾਹੁੰਦਾ ਸੀ ,ਇਸ ਲਈ ਉਸਨੇ ਆਦੇਸ਼ ਦਿੱਤਾ ਸੀ ,ਕਿ ਉਸ ਦਾ ਸਰੀਰ ਅਫਗਾਨਿਸਤਾਨ ਵਿੱਚ ਦਫਨ ਕੀਤਾ ਜਾਵੇ । ਉਸਦੀ ਇਹ ਇੱਛਾ ਸ਼ੇਰਸ਼ਾਹ ਸੂਰੀ ਨੇ ਪੂਰੀ ਕੀਤੀ ਤੇ ਉਸਦਾ ਸ਼ਰੀਰ ਆਗਰੇ ਤੋਂ ਭੇਜ ਕੇ ਕਾਬੁਲ ਵਿੱਚ ਦਫਨ ਕੀਤਾ ,ਜਿੱਥੇ ਅੱਜ ਕੱਲ ਬਾਗੇ ਬਾਬਰ ਨਾਮ ਦਾ ਬਗੀਚਾ ਤੇ ਮਕਬਰਾ ਹੈ ।
ਅਯੋਧਿਆ ਨਗਰੀ ਵਿੱਚ ਰਾਮ ਮੰਦਿਰ ਸਥਾਪਿਤ ਹੋਵੇਗਾ ਅਤੇ ਇਸ ਵਿੱਚ ਕੋਣ ਸਹਾਇਤਾ ਕਰੇਗਾ ਇਸ ਗੱਲਬਾਤ ਬਾਰੇ ਪੂਰਨ ਰੂਪ ਵਿੱਚ ਕੋਈ ਆਖ ਨਹੀਂ ਸੀ ਸਕਦਾ ਕਿਉਂਕਿ ਇਹ ਮੰਗ 500 ਸਾਲਾਂ ਤੋਂ ਬਣੀ ਹੋਈ ਸੀ।

ਹਰ ਇੱਕ ਦੇ ਧਰਮ ਅਸਥਾਨ ਸਤਿਕਾਰਯੋਗ ਤੇ ਪੂਜਣ ਯੋਗ ਹਨ । ਬਾਬਰ ਵੱਲੋਂ ਰਾਮ ਮੰਦਿਰ ਢਾਹੁਣ ਦਾ ਜੋ ਅਪਰਾਧ ਕੀਤਾ ਸੀ ਬਾਰੇ ਇਨਸਾਫ ਮਿਲਣ ਲਈ ਲੰਬਾ ਸਮਾਂ ਲੱਗ ਗਿਆ ।
ਇੱਕ ਅਫਗਾਨ ਧਾੜਵੀ ,ਅਹਿਮਦ ਸ਼ਾਹ ਅਬਦਾਲੀ ਨੇ ਵੀ ਸ੍ਰੀ ਹਰਿਮੰਦਿਰ ਸਾਹਿਬ ਢਾਹ ਢੇਰੀ ਕਰ ਦਿੱਤਾ ਸੀ , ਪਰ ਖਾਲਸਾ ਪੰਥ ਨੇ ਬਾਬਾ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਇਸ ਪਵਿੱਤਰ ਸਥਾਨ ਦੀ ਜਲਦੀ ਹੀ ਮੁੜ ਉਸਾਰੀ ਕਰ ਲਈ ਸੀ।

ਅਯੁਧਿਆ ਵਿੱਚ ਮਰਿਆਦਾ ਪੁਰਸ਼ੋਤਮ ਭਗਵਾਨ ਰਾਮ ,ਜੋ ਭਾਰਤੀ ਸਭਿਯਾਤਾ ਦੇ ਮਹਾਨਾਇਕ ਹਨ , ਦੇ ਮੰਦਿਰ ਦੀ ਮੁੜ ਉਸਾਰੀ ਇਤਿਹਾਸਕ ਗਲਤੀਆਂ ਨੂੰ ਸੁਧਾਰਨ ਦਾ ਸ਼ਲਾਘਾ ਯੋਗ ਉਦਮ ਹੈ । ਹਰ ਭਾਰਤੀ ਭਾਵੇਂ ਉਹ ਕਿਸੇ ਵੀ ਧਰਮ ਨੂੰ ਮੰਨਦਾ ਹੋਵੇ ਅਤੇ ਕਿਸੇ ਵੀ ਫਿਰਕੇ ਵਿੱਚ ਆਸਥਾ ਰੱਖਦਾ ਹੋਵੇ, ਉਹ ਭਾਰਤ ਦੀ ਅਮੀਰ ਸੱਭਿਅਤਾ ਦੇ ਮਹਾਨਾਇਕ, ਜਿਸ ਬਾਰੇ ਅਲਾਮਾ ਇਕਬਾਲ ਨੇ ਲਿਖਿਆ ਹੈ "ਲਵਰੇਜ ਹੈ ਸ਼ਰਾਬੇ ਹਕੀਕਤ ਸੇ ਜਾਮੇ ਹਿੰਦ ਸਭ ਫਲਸਫੀ ਹੈ ਖਿਤਾਈ ਮਗਰੀ ਕੇ ਰਾਮੇ ਹਿੰਦ" ਦੇ ਮੰਦਿਰ ਦੀ ਮੁੜ ਉਸਾਰੀ ਤੇ ਹਰ ਕੋਈ ਖੁਸ਼ ਹੋਵੇਗਾ।

# ਗੁਰਦੁਆਰਾ ਤਪ ਅਸਥਾਨ ਬੀਬੀ ਮੁਮਤਾਜ ਜੀ

ਡਾ. ਚਰਨਜੀਤ ਸਿੰਘ ਗੁਮਟਾਲਾ
9417533060



ਸਿੱਖ ਇਤਿਹਾਸ ਵਿੱਚ ਬਹੁਤ ਸਾਰੇ ਮੁਸਲਮਾਨ ਪਰਿਵਾਰਾਂ ਦਾ ਜ਼ਿਕਰ ਵੀ ਆਉਂਦਾ ਹੈ, ਜਿਹੜੇ ਗੁਰੂ ਘਰ ਨਾਲ ਸਮਰਪਿਤ ਸਨ। ਪਹਿਲੀ ਪਾਤਸ਼ਾਹੀ ਦੀ ਗੁਰੂ ਨਾਨਕ ਦੇਵ ਜੀ ਦੇ ਨਾਲ ਰਬਾਬੀ ਭਾਈ ਮਰਦਾਨਾ ਜੀ ਦਾ ਹਵਾਲਾ ਮਿਲਦਾ ਹੈ ਜਿਨ੍ਹਾਂ ਨੇ ਸਾਰੀ ਉਮਰ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਬਿਤਾਈ।ਰੋਪੜ ਤੋਂ ਵੀਹ ਕਿਲੋਮੀਟਰ 'ਤੇ ਪੁਰਖਾਲੀ ਤੋਂ ਪੰਜ ਕਿਲੋਮੀਟਰ ਦੂਰ ਗੁਰਦੁਆਰਾ ਤਪ ਅਸਥਾਨ ਬੀਬੀ ਮੁਮਤਾਜਗੜ੍ਹ ਸਾਹਿਬ ਛਾਉਣੀ ਬੁੱਢਾ ਦਲ ਨਿਹੰਗੀ ਸਿੰਘ ਪਿੰਡ ਨਾਰੰਗਵਾਲ ਬੜੀ ਜੋ ਕਿ ਉੱਚੀ ਪਹਾੜੀ 'ਤੇ ਸੁਸ਼ੋਭਿਤ ਹੈ, ਮਸਲਿਮ ਘਰਾਣੇ ਨਾਲ ਸਬੰਧਿਤ ਹੈ। ਇਸ ਗੁਰਦਆਰੇ ਹਰ ਸਾਲ 23 ਪੋਹ ਨੂੰ ਜੋੜ ਮੇਲਾ ਮਨਾਇਆ ਜਾਂਦਾ ਹੈ, ਜੋ ਕਿ ਇਸ ਸਾਲ 7 ਜਨਵਰੀ 2024 ਨੂੰ ਹੈ। ਇਸ ਦਿਨ ਗੁਰਦੁਆਰਾ ਸ੍ਰੀ ਭੱਠਾ ਸਾਹਿਬ ਰੋਪੜ ਤੋਂ ਨਗਰ ਕੀਰਤਨ ਆਰੰਭ ਕਰਕੇ ਇਸ ਗੁਰਦੁਆਰੇ ਸਮਾਪਤ ਹੁੰਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਹਿਲੀ ਵਾਰ ਭੰਗਾਣੀ ਦੇ ਯੁੱਧ ਤੋਂ ਬਾਅਦ 1688 ਈ. ਤੇ ਦੂਸਰੀ ਵਾਰ 5 ਦਸੰਬਰ1705 ਦੀ ਅੱਧੀ ਰਾਤ ਨੂੰ ਕਿਲ੍ਹਾ ਆਨੰਦਪੁਰ ਛੱਡ ਕੇ 6 ਦਸੰਬਰ 1705 ਈ. ਨੂੰ ਸਰਸਾ ਨਦੀ ਕਿਨਾਰੇ ਯੁੱਧ ਕਰਨ ਪਿੱਛੋਂ ਇੱਥੇ ਪੁੱਜੇ ਸਨ। ਗੁਰੂ ਜੀ ਨੇ ਰੋਪੜ ਪਹੁੰਚ ਕੇ ਸਿੰਘਾਂ ਨੂੰ ਫਤਿਹਪੁਰ ਦੇ ਗੁਪਤ ਕਿਲ੍ਹੇ ਜਾਣ ਦਾ ਹੁਕਮ ਦਿੱਤਾ। ਨਿਹੰਗ ਖਾਨ ਦਾ ਪੁੱਤਰ ਚੌਧਰੀ ਆਲਮ ਖਾਨ ਸਿੰਘ ਦੇ ਜਥੇ ਨੂੰ ਚਮਕੌਰ ਛੱਡ ਆਇਆ। ਗੁਰੂ ਜੀ ਰੋਪੜ ਦੇ ਮੌਜੂਦਾ ਗੁਰਦੁਆਰਾ ਭੱਠਾ ਸਾਹਿਬ ਪੁੱਜੇ ਤੇ ਇਸ ਭੱਠੇ ਨੂੰ ਠੰਡਾ ਕੀਤਾ। ਇਸ ਭੱਠੇ ਦਾ ਮਾਲਕ ਨਿਹੰਗ ਖਾਨ ਗੁਰੂ ਜੀ ਦਾ ਸੇਵਕ ਸੀ, ਉਹ ਉਨ੍ਹਾਂ ਨੂੰ ਆਪਣੇ ਰਿਹਾਇਸ਼ੀ ਕਿਲ੍ਹੇ ਵਿੱਚ ਲੈ ਗਿਆ ਤੇ ਉਨ੍ਹਾਂ ਦੀ ਸ਼ਰਧਾ ਭਾਵਨਾ ਨਾਲ ਸੇਵਾ ਕੀਤੀ। ਉੱਥੇ ਗੁਰੂ ਜੀ ਨੂੰ ਖਬਰ ਮਿਲੀ ਕਿ ਮਲਕਪੁਰ ਰੰਗੜਾ ਦੇ ਸਥਾਨ 'ਤੇ ਦੁਸ਼ਮਣਾਂ ਵੱਲੋਂ ਲੋਹਗੜ੍ਹ ਦਾ ਕਿਲ੍ਹਾ ਤੋੜਨ ਲਈ ਭੇਜੇ ਗਏ ਸ਼ਰਾਬੀ ਹਾਥੀ ਨੂੰ ਇੱਕ ਨਾਗਣੀ ਨਾਲ ਹਰਾਉਣ ਵਾਲਾ ਬਹਾਦਰ ਯੋਧਾ ਭਾਈ ਬਚਿੱਤਰ ਸਿੰਘ ਜੀ ਦੇ ਜੱਥੇ ਦੇ ਸਾਰੇ ਸਿੰਘ ਮੁਗ਼ਲਾਂ ਦੀ ਬਹੁਤ ਭਾਰੀ ਫੌਜ ਨਾਲ ਯੁੱਧ ਕਰਦੇ ਹੋਇ ਸ਼ਹਾਦਤ ਪ੍ਰਾਪਤ ਕਰ ਗਏ ਹਨ ਪਰ ਭਾਈ ਬਚਿੱਤਰ ਸਿੰਘ ਬਹੁਤ ਬੁਰੀ ਤਰ੍ਹਾਂ ਜਖ਼ਮੀ ਹੋ ਗਏ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਾਹਿਬਜਾਦੇ ਭਾਈ ਅਜੀਤ ਸਿੰਘ ਨੂੰ ਹੁਕਮ ਦਿੱਤਾ ਕਿ ਜਖ਼ਮੀ ਭਾਈ ਬਚਿੱਤਰ ਸਿੰਘ ਨੂੰ ਏਥੇ ਲੈ ਆਉ।

ਭਾਈ ਅਜੀਤ ਸਿੰਘ ਨੇ ਅਜਿਹਾ ਹੀ ਕੀਤਾ। ਉਹ ਜਖ਼ਮੀ ਹਾਲਤ ਵਿੱਚ ਭਾਈ ਬਚਿੱਤਰ ਸਿੰਘ ਨੂੰ ਚੁੱਕ ਕੇ ਨਿਹੰਗ ਖਾਨ ਦੇ ਘਰ ਛੱਡ ਕੇ ਵਾਪਸ ਫੌਜ ਸਮੇਤ ਚਮਕੌਰ ਸਾਹਿਬ ਨੂੰ ਰਵਾਨਾ ਹੋ ਗਏ।

ਨਿਹੰਗ ਖਾਨ ਦੀ ਬੇਟੀ ਮੁਮਤਾਜ ਗੁਰੂ ਘਰ ਨੂੰ ਸਮਰਪਿਤ ਸੀ। ਉਸ ਸਮੇਂ ਉਸ ਦੀ ਉਮਰ 15 ਕੁ ਸਾਲ ਦੀ ਸੀ। ਉਹ ਗੁਰੂ ਜੀ ਦੇ ਚਰਨਾਂ ਵਿੱਚ ਢਹਿ ਪਈ ਤੇ ਉਨ੍ਹਾਂ ਨੂੰ ਮਿਹਰ ਦੀ ਨਦਰ ਕਰਨ ਲਈ ਬੇਨਤੀ ਕੀਤੀ। ਗੁਰੂ ਸਾਹਿਬ ਨੇ ਉਸ ਦੀ ਬੇਨਤੀ 'ਤੇ ਆਪਣਾ ਗਾਤਰਾ ਤੇ ਕ੍ਰਿਪਾਨ ਭੇਟ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵਚਨ ਕੀਤਾ ਮੈਂ ਹਮੇਸ਼ਾਂ ਤੁਹਾਡੇ ਅੰਗ ਸੰਗ ਰਹਾਂਗਾ। ਇਹ ਕ੍ਰਿਪਾਨ ਤੇ ਗਾਤਰਾ ਇਸ ਸਮੇਂ ਵੀ ਗੁਰਦੁਆਰਾ ਸਾਹਿਬ ਵਿੱਚ ਸੁਸ਼ੋਭਿਤ ਹੈ। ਗੁਰੂ ਜੀ ਨੇ ਨਿਹੰਗ ਖਾਨ ਨੂੰ ਵੀ ਉਸ ਦੀ ਸੇਵਾ ਤੋਂ ਖੁਸ਼ ਹੋ ਕੇ ਕ੍ਰਿਪਾਨ ਤੇ ਕਟਾਰ ਦੀ ਬਖਸ਼ਿਸ਼ ਕੀਤੀ। ਗੁਰੂ ਜੀ ਸਿੰਘਾਂ ਨਾਲ ਖਾਨਪੁਰ, ਰਾਮਪੁਰ ਹੁੰਦੇ ਹੋਏ ਚਮਕੌਰ ਚਲੇ ਗਏ।

ਕਿਸੇ ਚੁਗਲਖੋਰ ਨੇ ਰੋਪੜ ਦੇ ਨਵਾਬ ਜਾਫ਼ਰ ਅਲੀ ਖਾਨ ਨੂੰ ਖ਼ਬਰ ਦਿੱਤੀ ਕਿ ਨਿਹੰਗ ਖਾਨ ਦੇ ਘਰ ਗੁਰੂ ਗੋਬਿੰਦ ਸਿੰਘ ਤੇ ਉਨ੍ਹਾਂ ਨਾਲ ਸਿੰਘ ਵੀ ਠਹਿਰੇ ਹੋਏ ਹਨ। ਨਿਹੰਗ ਖਾਨ ਨੂੰ ਜਦ ਇਸ ਗੱਲ ਦਾ ਪਤਾ ਲੱਗਾ ਤਾਂ ਉਸਨੂੰ ਇੱਕ ਸਕੀਮ ਸੁਝੀ ਤੇ ਉਸ ਨੇ ਆਪਣੀ ਸਪੁੱਤਰੀ ਨੂੰ ਭਾਈ ਬਚਿੱਤਰ ਸਿੰਘ ਦੇ ਕਮਰੇ ਵਿੱਚ ਭੇਜ ਦਿੱਤਾ। ਨਵਾਬ ਜਾਫ਼ਰ ਅਲੀਖਾਨ ਨੇ ਆਪਣੀ ਫੌਜ ਨੂੰ ਨਾਲ ਲੈ ਕੇ ਨਿਹੰਗ ਖਾਨ ਦੇ ਕਿਲ੍ਹੇ ਨੂੰ ਸਵੇਰੇ 5 ਵਜ੍ਹੇ ਘੇਰ ਲਿਆ। ਪਰ ਉਨ੍ਹਾਂ ਨੂੰ ਅੰਦਰ ਕੋਈ ਸਿੰਘ ਨਾ ਲੱਭਾ। ਬੱਸ ਕਮਰਾ ਜੋ ਕਿ ਬੰਦ ਸੀ ਉਹ ਹੀ ਤਲਾਸ਼ੀ ਲੈਣ ਵਾਲਾ ਰਹਿ ਗਿਆ, ਜਿਸ ਵਿੱਚ ਮੁਮਤਾਜ ਤੇ ਭਾਈ ਬਚਿੱਤਰ ਸਿੰਘ ਸਨ। ਜਦ ਨਵਾਬ ਜਾਫ਼ਰ ਅਲੀ ਖਾਨ ਉਸ ਕਮਰੇ ਵੱਲ ਵਧਿਆ ਤਾਂ ਨਿਹੰਗ ਖਾਨ ਨੇ ਕਿਹਾ ਕਿ ਉਸ ਕਮਰੇ ਵਿੱਚ ਮੇਰੀ ਲੜਕੀ ਤੇ ਜਵਾਈ ਹੈ। ਇਹ ਗੱਲ ਸੁਣਕੇ ਮੁਗ਼ਲ ਫੌਜ ਗੁਸਤਾਖ਼ੀ ਮੁਆਫ਼ ਕਹਿ ਕਿ ਕਿਲ੍ਹੇ ਵਿੱਚੋਂ ਵਾਪਿਸ ਚਲੇ ਗਈ।

ਅਗਲੀ ਸਵੇਰ ਬੀਬੀ ਮੁਮਤਾਜ ਨੇ ਆਪਣੇ ਪਿਤਾ ਨੂੰ ਕਿਹਾ ਕਿ ਤੁਸੀਂ ਮੇਰੀ ਮੰਗਣੀ ਬੱਸੀ ਪਠਾਣਾਂ ਦੇ ਅਬਰਾਨ ਖਾਂ ਨਾਲ ਕੀਤੀ ਹੋਈ ਹੈ ਪਰ ਹੁਣ ਮੈਂ ਉਸ ਨਾਲ ਨਿਕਾਹ ਨਹੀਂ ਕਰਾਂਗੀ। ਆਪਣੀ ਸਾਰੀ ਉਮਰ ਗੁਰੂ ਘਰ ਨੂੰ ਸਮਰਪਿਤ ਰਹਾਂਗੀ ਤੇ ਸੇਵਾ ਤੇ ਸਿਮਰਨ ਵਿੱਚ ਸਾਰੀ ਉਮਰ ਗੁਜਾਰਾਂਗੀ ਕਿਉਂਕਿ ਤੁਸੀਂ ਭਾਈ ਬਚਿੱਤਰ ਸਿੰਘ ਨੂੰ ਆਪਣਾ ਜੁਆਈ ਕਿਹਾ ਸੀ ।ਉਹ ਭਾਵੇਂ ਇੱਸ ਸੰਸਾਰ ਵਿੱਚ ਨਹੀਂ ਰਹੇ, ਪਰ ਮੈਂ ਹੁਣ ਉਨ੍ਹਾਂ ਨੂੰ ਆਤਮਿਕ ਤੌਰ 'ਤੇ ਆਪਣਾ ਪਤੀ ਪ੍ਰਵਾਨ ਕਰ ਚੁੱਕੀ ਹਾਂ।
ਭਾਈ ਬਚਿੱਤਰ ਸਿੰਘ ਦੀ ਸ਼ਹੀਦੀ ਤੋਂ ਬਾਅਦ ਬੀਬੀ ਮੁਮਤਾਜ ਨੇ ਕੁਝ ਸਮਾਂ ਕੋਟਲੇ ਵਿੱਚ ਰਹਿਣ ਪਿੱਛੋਂ, ਏਕਾਂਤ ਵਿੱਚ ਰਹਿਣ ਦਾ ਫ਼ੈਸਲਾ ਕੀਤਾ। ਉਸ ਦੇ ਪਿਤਾ ਨੇ ਉਸ ਦੀ ਇੱਛਾ ਅਨੁਸਾਰ ਨਾਰੰਗਪੁਰ ਬੜੀ ਦੇ ਜੰਗਲ ਵਿੱਚ ਉੱਚੀ ਪਹਾੜੀ 'ਤੇ ਕਿਲ੍ਹਾ ਉਸਾਰ ਦਿੱਤਾ ਤੇ ਖੂਹ ਲਵਾ ਦਿੱਤਾ ਜੋ ਕਿ ਉਸ ਦੀ ਰਿਆਸਤ ਵਿੱਚ ਸੀ। ਬੀਬੀ ਮੁਮਤਾਜ ਨੇ 132 ਸਾਲ ਦੇ ਕਰੀਬ ਜਪ ਤਪ ਕਰਦਿਆਂ ਉਮਰ ਗੁਜਾਰੀ ਤੇ 1822 ਈ. ਵਿੱਚ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਇਸ ਥਾਂ 'ਤੇ ਤਪ ਅਸਥਾਨ ਗੁਰਦੁਆਰਾ ਮੁਮਤਾਜਗੜ੍ਹ ਸਾਹਿਬ ਸੁਸ਼ੋਭਿਤ ਹੈ।ਜਿਥੇ ਹਰ ਸਮੇਂ ਗੁਰੂ ਦਾ ਲੰਗਰ ਅਤੁੱਟ ਵਰਤਦਾ ਹੈ। ਇਸ ਅਸਥਾਨ ਦੀ ਸਾਂਭ ਸੰਭਾਲ ਸ਼੍ਰੋਮਣੀ ਪੰਥ ਰਤਨ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਕਰਤਾ ਰਹੇ ਹਨ, ਜੋ ਕਿ 50 ਫੁੱਟ ਉੱਚੀ ਪਹਾੜੀ 'ਤੇ ਸੁਸ਼ੋਭਿਤ ਹੈ।






Debt Consolidation | Renovations & Repairs | Avoiding High penalities

No Credit or becon score check.
No income verifiaction.
Interest payments only.
Pay off high interest debts.
75%-80% LTV.

Must have home equity.....

if you are looking for independent mortgage or protection advice....
We're here to help.
* Competitive rates
* Flexible terms
* Fast approval process

For more information call:
Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5

Rexdale Financial Services


# ਕੈਬਨਿਟ ਸਬ-ਕਮੇਟੀ ਵੱਲੋਂ ਟਰਾਂਸਪੋਰਟਰਾਂ ਨੂੰ ਭਰੋਸਾ, 'ਹਿੱਟ ਐਂਡ ਰਨ' ਕਾਨੂੰਨ ਸਬੰਧੀ ਚਿੰਤਾਵਾਂ ਤੋਂ ਕੇਂਦਰ ਨੂੰ ਜਾਣੂੰ ਕਰਵਾਏਗੀ ਸੂਬਾ ਸਰਕਾਰ

## ਮੀਟਿੰਗ ਦੌਰਾਨ ਸੂਬਾ ਸਰਕਾਰ ਨਾਲ ਸਬੰਧਤ ਮੰਗਾਂ ਬਾਰੇ ਵੀ ਕੀਤੀ ਚਰਚਾ

ਚੰਡੀਗੜ੍ਹ, 9 ਜਨਵਰੀ (ਗਿਆਨ ਸਿੰਘ): ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਅਤੇ ਪ੍ਰਵਾਸੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੀ ਸ਼ਮੂਲੀਅਤ ਵਾਲੀ ਕੈਬਨਿਟ ਸਬ-ਕਮੇਟੀ ਨੇ ਪੰਜਾਬ ਦੇ ਟਰਾਂਸਪੋਰਟਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਭਾਰਤੀ ਨਿਆਂ ਸੰਹਿਤਾ (ਬੀ.ਐਨ.ਐਸ) ਵਿੱਚ ਹਿੱਟ ਐਂਡ ਰਨ ਕੇਸਾਂ ਵਿੱਚ ਮੌਤ ਦਾ ਕਾਰਨ ਬਣਨ ਲਈ ਸਖ਼ਤ ਸਜ਼ਾ ਦੇਣ ਦੀ ਕੀਤੀ ਗਈ ਵਿਵਸਥਾ ਦੇ ਸਬੰਧ ਵਿੱਚ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਕੇਂਦਰ ਸਰਕਾਰ ਨਾਲ ਸਾਂਝਾ ਕਰਦਿਆਂ ਇੰਨ੍ਹਾਂ ਦੇ ਹੱਲ ਲਈ ਦਬਾਅ ਬਣਾਏਗੀ।



ਇਥੇ ਪੰਜਾਬ ਭਵਨ ਵਿਖੇ ਸੂਬੇ ਦੀਆਂ ਟਰੱਕ ਤੇ ਟੈਕਸੀ ਯੂਨੀਅਨਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੌਰਾਨ ਕੈਬਨਿਟ ਸਬ-ਕਮੇਟੀ ਵੱਲੋਂ ਬੀ.ਐਨ.ਐਸ ਦੀ ਧਾਰਾ 106 (2) ਤਹਿਤ ਕਾਹਲੀ ਅਤੇ ਲਾਪਰਵਾਹੀ ਨਾਲ ਵਾਹਨ ਚਲਾਉਣ ਨਾਲ ਮੌਤ ਦਾ ਕਾਰਨ ਬਨਣ ਅਤੇ ਘਟਨਾ ਤੋਂ ਤੁਰੰਤ ਬਾਅਦ ਕਿਸੇ ਪੁਲਿਸ ਅਧਿਕਾਰੀ ਜਾਂ ਮੈਜਿਸਟ੍ਰੇਟ ਨੂੰ ਇਸਦੀ ਰਿਪੋਰਟ ਕੀਤੇ ਬਿਨਾਂ ਫਰਾਰ ਹੋਣ 'ਤੇ ਸਜਾ ਦੀ ਕੀਤੀ ਗਈ ਵਿਵਸਥਾ ਅਤੇ ਇਸ ਨਾਲ ਸਬੰਧਤ ਵੱਖ-ਵੱਖ ਪਹਿਲੂਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ। ਟਰਾਂਸਪੋਰਟ ਯੂਨੀਅਨਾਂ ਦੇ ਨੁਮਾਇੰਦਿਆਂ ਦੀ ਮੁੱਖ ਚਿੰਤਾ ਹਾਦਸਾ ਹੋਣ ਉਪਰੰਤ ਭੀੜ ਦੁਆਰਾ ਕਮਰਸ਼ੀਅਲ ਵਾਹਨਾਂ ਦੇ ਡਰਾਈਵਰ ਦੀ ਕੁੱਟਮਾਰ ਅਤੇ ਵਾਹਨ ਦੀ ਤੋੜ-ਭੰਨ ਕੀਤੇ ਜਾਣ ਬਾਰੇ ਸੀ।

ਕੈਬਨਿਟ ਸਬ-ਕਮੇਟੀ ਨੇ ਯੂਨੀਅਨਾਂ ਨੂੰ ਵਿਸ਼ਵਾਸ ਦਿਵਾਇਆ ਕਿ ਇਸ ਕਾਨੂੰਨ ਸਬੰਧੀ ਕੇਂਦਰ ਨਾਲ ਉਨ੍ਹਾਂ ਦੀਆਂ ਚਿੰਤਾਵਾਂ ਸਾਂਝਾ ਕਰਦਿਆਂ ਪੰਜਾਬ ਸਰਕਾਰ ਅਜਿਹੇ ਮਾਮਲਿਆਂ ਵਿੱਚ ਡਰਾਈਵਰ ਦੀ ਸੁਰੱਖਿਆ ਯਕੀਨੀ ਬਨਾਉਣ ਲਈ ਲੋੜੀਂਦੀ ਵਿਵਸਥਾ ਕਰਨ ਬਾਰੇ ਦਬਾਅ ਬਣਾਏਗੀ। ਉਨ੍ਹਾਂ ਨਾਲ ਹੀ ਸੂਬੇ ਦੇ ਪੁਲਿਸ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਹਾਦਸਿਆਂ ਉਪਰੰਤ ਭੀੜ ਵੱਲੋਂ ਕਿਸੇ ਡਰਾਈਵਰ ਦੀ ਕੁੱਟਮਾਰ ਅਤੇ ਵਾਹਨ ਦੀ ਤੋੜ-ਭੰਨ ਕਰਨ ਦੇ ਮਾਮਲਿਆਂ ਵਿੱਚ ਦੋਸ਼ੀਆਂ ਵਿਰੁੱਧ ਕਾਨੂੰਨ ਤਹਿਤ ਕਾਰਵਾਈ ਯਕੀਨੀ ਬਣਾਈ ਜਾਵੇ।

ਮੀਟਿੰਗ ਵਿੱਚ ਟਰਾਂਸਪੋਰਟ ਵਿਭਾਗ ਦੇ ਸਕੱਤਰ ਦਿਲਰਾਜ ਸਿੰਘ, ਸਟੇਟ ਟਰਾਂਸਪੋਰਟ ਕਮਿਸ਼ਨਰ ਮੌਨੀਸ਼ ਕੁਮਾਰ, ਏ.ਡੀ.ਜੀ.ਪੀ (ਇੰਟੈਲੀਜੈਂਸ) ਜਸਕਰਨ ਸਿੰਘ, ਟਰਾਂਸਪੋਰਟ ਤੇ ਪੁਲਿਸ ਵਿਭਾਗ ਦੇ ਹੋਰ ਸੀਨੀਅਰ ਅਧਿਕਾਰੀ ਅਤੇ ਸੂਬੇ ਦੀਆਂ ਵੱਖ-ਵੱਖ ਟਰਾਂਸਪੋਰਟ ਤੇ ਟੈਕਸੀ ਯੂਨੀਅਨਾਂ ਦੇ ਪ੍ਰਧਾਨ ਹਾਜਿਰ ਸਨ।

# ਵਿਸ਼ਵ ਪੰਜਾਬੀ ਸਭਾ ਕੈਨੇਡਾ ਦੀ ਵਰ੍ਹੇਗੰਢ ਮੌਕੇ ਕਵੀ ਦਰਬਾਰ

ਮੋਗਾ, 9 ਜਨਵਰੀ (ਗਿਆਨ ਸਿੰਘ): ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਤੇ ਲੈਕਚਰਾਰ ਬਲਬੀਰ ਕੌਰ ਰਾਏਕੋਟੀ ਦੀ ਰਹਿਨੁਮਾਈ ਹੇਠ ਵਿਸ਼ਵ ਪੰਜਾਬੀ ਸਭਾ ਕੈਨੇਡਾ ਵਲੋਂ "ਵਿਸ਼ਵ ਪੰਜਾਬੀ ਸਭਾ ਕੈਨੇਡਾ ਦੀ ਵਰੇਗੰਢ" ਮੌਕੇ ਆਨਲਾਈਨ ਅੰਤਰਰਾਸ਼ਟਰੀ ਕਵੀ ਦਰਬਾਰ ਕਰਵ-ਾਇਆ ਗਿਆ ਜਿਸ ਵਿੱਚ ਵਿਸ਼ਵ ਦੇ ਵੱਖ ਵੱਖ ਥਾਵਾਂ ਤੋ ਕਵੀਆਂ ਨੇ ਹਿੱਸਾ ਲਿਆ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਮੈਡਮ ਬਲਬੀਰ ਕੌਰ ਰਾਏਕੋਟੀ ਨੇ ਸਭ ਨੂੰ ਜੀ ਆਇਆਂ ਕਿਹਾ ਤੇ 6 ਜਨਵਰੀ ਨੂੰ ਕਰਤਾਰਪੁਰ ਸਾਹਿਬ ਪਾਕਿਸਤਾਨ ਦੀ ਯਾਤਰਾ ਦਾ ਜ਼ਿਕਰ ਕਰਦੇ ਹੋਏ ਦੱਸਿਆ ਕਿ ਕਰਤਾਰਪੁਰ ਵਿਖੇ ਲਹਿਦੇ ਪੰਜਾਬ ਦੀ ਪੂਰੀ ਟੀਮ ਦੁਆਰਾ ਚੜ੍ਹਦੇ ਪੰਜਾਬ ਦੀ ਪੂਰੀ ਟੀਮ ਦਾ ਬਹੁਤ ਭਰਵਾਂ ਸਵਾਗਤ ਕੀਤਾ ਗਿਆ। ਲਹਿੰਦੇ ਪੰਜਾਬ ਤੋਂ ਮੀਆਂ ਆਸਿਫ ਅਲੀ, ਮੈਡਮ ਫਰਜ਼ਾਨਾ ਅੰਜੁਮ, ਅਬਦੁਲ ਰਸ਼ੀਦ ਖਾਸ ਤੌਰ ਤੇ ਲਾਹੌਰ ਤੋਂ ਕਰਤਾਰਪੁਰ ਸਾਹਿਬ ਵਿਖੇ ਸਵਾਗਤੀ ਵਫ਼ਦ ਨਾਲ ਪਹੁੰਚੇ। ਇਸ ਤੋਂ ਇਲਾਵਾ ਟੀਮ ਨਾਲ ਚੜਦੇ ਪੰਜਾਬ ਤੋਂ ਬਹੁਤ ਸਾਰੇ ਅਭਿਨੇਤਾ, ਅਭਿਨੇਤਰੀਆਂ (ਹੌਬੀ ਧਾਲੀਵਾਲ, ਤੇਜਵੰਤ ਕਿੱਟੂ,) ਗਾਇਕ ਤੇ ਗੀਤਕਾਰਾਂ ਨੇ ਵੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕੀਤੇ। ਲਹਿੰਦੇ ਪੰਜਾਬ ਦੇ ਸਾਰੇ ਚੋਟੀ ਦੇ ਅਭਿਨੇਤਾ, ਅਭਿਨੇਤਰੀਆਂ ਨੇ ਵੀ ਸ਼ਿਰਕਤ ਕੀਤੀ। ਵਿਸ਼ਵ ਪੰਜਾਬੀ ਸਭਾ ਕੈਨੇਡਾ ਵਲੋਂ ਸਾਰੇ ਲਹਿੰਦੇ ਤੇ ਚੜ੍ਹਦੇ ਪੰਜਾਬ ਦੀਆਂ ਨਾਮਵਰ ਸ਼ਖ਼ਸੀਅਤਾਂ ਦਾ ਮੈਡਮ ਬਲਬੀਰ ਕੌਰ ਰਾਏਕੋਟੀ ਨੇ ਸਨਮਾਨਿਤ ਕੀਤਾ। ਰਾਏਕੋਟੀ ਨੇ ਆਪਣੇ ਵਿਚਾਰਾਂ ਵਿੱਚ ਵਿਸ਼ਵ ਪੰਜਾਬੀ ਸਭਾ ਵਲੋਂ ਕੀਤੇ ਜਾ ਰਹੇ ਪ੍ਰੋਗਰਾਮਾਂ ਦੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਸਭਾ ਵਲੋਂ ਲੜਕੀਆਂ ਦੀ ਲੋਹੜੀ ਦੇ ਕਈ ਪ੍ਰੋਗਰਾਮ ਉਲੀਕੇ ਗਏ ਹਨ । ਪਹਿਲਾ ਪ੍ਰੋਗਰਾਮ 8 ਜਨਵਰੀ ਨੂੰ ਸ਼ੇਰਪੁਰ ਵਿਖੇ ਪੰਜ ਨਵੀਆਂ ਜੰਮੀਆਂ ਬੱਚੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ। 11 ਜਨਵਰੀ ਨੂੰ ਲੁਧਿਆਣਾ ਵਿਖੇ 11 ਬੱਚੀਆਂ ਨੂੰ 5100-,,5100 ਰੁਪਏ ਦੇ ਕੇ ਸਨਮਾਨਿਤ ਕੀਤਾ ਜਾਵੇਗਾ ਤੇ ਸਭਾ ਦੀ ਵਰੇਗੰਢ ਮੌਕੇ ਕੇਕ ਕੱਟਿਆ ਜਾਵੇਗਾ।12 ਜਨਵਰੀ ਨੂੰ ਭਾਸ਼ਾ ਵਿਭਾਗ ਮੁਹਾਲੀ



ਵਿਖੇ ਪੁਆਧੀ ਭਾਸ਼ਾ ਦੇ ਅੱਠ ਲੇਖਕਾਂ ਨੂੰ ਸਭਾ ਵਲੋਂ 3100-3100 ਰੁਪਏ, ਫੁਲਕਾਰੀ ਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਇਸ ਕਵੀ ਦਰਬਾਰ ਵਿਚ ਰਾਜਦੀਪ ਤੂਰ,ਅੰਜਨਾ ਮੈਮਨ, ਆਸ਼ਾ ਸ਼ਰਮਾ, ਹਰਜੀਤ ਕੌਰ ਸੱਧਰ, ਗੁਰਮਤਿ ਸਿੰਘ ਬਾਜਾਖਾਨਾ, ਸਾਹਿਬਾ ਜੀਟਨ ਕੌਰ, ਰਮਨਦੀਪ ਕੌਰ, ਸੰਦੀਪ ਕੌਰ ਚੀਮਾ, ਮਹਿਮੂਦ ਥਿੰਦ, ਰਤਨ ਸਿੰਘ, ਰਮਿੰ-ਦਰ ਕੌਰ ਭਾਟੀਆ, ਡਾਕਟਰ ਰਮਨਦੀਪ ਸਿੰਘ ਜੀ, ਰਿਆੜ ਸਾਹਿਬ, ਸੰਦੀਪ ਰਾਣੀ, ਉਂਕਾਰ ਸਿੰਘ ਤੇਜੇ, ਸੁਖਵਿੰਦਰ ਸਿੰਘ, ਅਨੀਤਾ ਪਟਿਆਲਵੀ, ਮੰਗਤ ਖਾਨ, ਬਹਾਦਰ ਸਿੰਘ, ਸੁਖਵਿੰਦਰ ਸਿੰਘ ਪਟਿਆਲਾ ਨੇ ਹਾਜ਼ਰੀ ਲਗਵਾਈ। ਇਸ ਪ੍ਰੋਗਰਾਮ ਵਿਚ ਗਿਆਨ ਸਿੰਘ ਸਾਬਕਾ ਡੀ ਪੀ ਆਰ ਓ ਨੇ ਵੀ ਆਪਣੇ ਵਿਚਾਰ ਪੇਸ ਕਰਦਿਆ ਕਿਹਾ ਕਿ ਵਿਸ਼ਵ ਪੰਜਾਬੀ ਸਭਾ ਵਲੋ ਪਹਿਲੇ ਸਾਲ ਵਿਚ ਬਰੈਪਟਨ ਵਿਖੇ ਪੰਜਾਬੀ ਭਵਨ ਦੀ ਸਥਾਪਨਾ ਬਹੁਤ ਵੱਡੀ ਪ੍ਰਾਪਤੀ ਹੈ।ਪ੍ਰੋਗਰਾਮ ਦੇ ਅਖੀਰ ਵਿੱਚ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਨੇ ਸਭ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਅੱਜ ਤੋਂ ਇੱਕ ਸਾਲ ਪਹਿਲਾਂ ਹਜ਼ੂਰ ਸਾਹਿਬ ਵਿਖੇ ਅਰਦਾਸ ਉਪਰੰਤ ਗੁਰੂ ਮਹਾਰਾਜ ਦਾ ਆਸਰਾ ਲੈ ਕੇ ਸਿਰਫ ਚਾਰ ਮੈਂਬਰਾਂ ਨੇ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੀ ਸ਼ੁਰੂਆਤ ਕੀਤੀ ਸੀ ਜੋ ਅੱਜ ਬਹੁਤ ਵੱਡਾ ਕਾਫ਼ਲਾ ਬਣ ਚੁੱਕਾ ਹੈ,। ਕਥੂਰੀਆ ਨੇ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੀ ਸ਼ਾਨਦਾਰ ਪ੍ਰਾਪਤੀਆਂ ਦਾ ਸਿਹਰਾ ਟੀਮ ਦੇ ਮੈਂਬਰਾਂ ਨੂੰ ਦਿੱਤਾ ਤੇ ਕਿਹਾ ਇਹ ਸਾਡਾ ਸਾਰਿਆਂ ਦਾ ਇੱਕ ਪਰਿਵਾਰ ਹੈ ਤੇ ਅਸੀਂ ਸਭ ਨੇ ਮਿਲਕੇ ਮਾਂ ਬੋਲੀ ਦੀ ਸੇਵਾ ਕਰਨੀ ਹੈ।


LOCAL & LONG DISTANCE MOVING

H.K. MOVERS

VANCOUVER - CALGARY - EDMONTON - WINNIPEG - TORONTO - OTTAWA - MONTREAL

CANADA'S MOVING COMPANY




WE MOVE COAST TO COAST WITHIN CANADA ,
WE DO INTERNATIONAL SHIPPING AND WE ALSO SHIP CARS

Best Business of 2023 ThreeBest Rated Excellence

Call: 416.524.6704
www.hkmovers.ca

2023 ThreeBest Rated Certificate OF EXCELLENCE THREE BEST RATED

SAFE, RELIABLE AND EFFICIENT SERVICE AT THE BEST RATES

